BEST DEAL TRAVEL INC.
LICENSE # BCCP 79578
SPECIAL FARE TO INDIA
BEST DEAL TRAVEL INC.
#120 13740 72A Ave Surrey BC
YOU CAN CONTACT US AT WHATSAPP ALSO PARDEEP SANDHU
778-895-5422

ROYAL TOUCH HOMES "DREAMS TO REALTY"
-CONTRACTING -CUSTOM HOMES -LICENSED BUILDER -FRAMING
ਲੋਅਰਮੇਨਲੈਂਡ-ਫਰੇਜਰ ਵੈਲੀ ਵਿਚ ਆਪਣਾ ਸੁਪਨਿਆਂ ਦਾ ਘਰ ਬਣਾਉਣ ਲਈ ਸਾਡੇ ਨਾਲ ਸੰਪਰਕ ਕਰੋ
JASVIR S. SANGHA: 778-847-9128 BUILDER

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

ਪੰਜਾਬ ਗਾਰਡੀਅਨ ਐਬਟਸਫੋਰਡ
PUNJAB GUARDIAN
B.C Greater Vancouver, Fraser Valley, Victoria, Nanaimo Prince George, Kamloops, Kelowna, Oliver, Squamish
ALBERTA Edmonton Calgary
ONTARIO Otttawa, Brampton Toronto
QUEBEC Montreal
USA Greater Seattle, Everett, Marysville Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 31, Issue No. 19 Ending Date: May 10, 2024

IDEAL UPFITTERS ...It's arranged.
BC based Truck and Van Up fitting Company
We provide quality Vans & Specialty Vehicles upfitting that provides custom specialty vehicle upfit services to a wide variety of trades and industries.
* ਸ਼ੈਲਫਾਂ
* ਵਾਲ ਲਾਈਨਿੰਗ ਕਿੱਟ & ਫਲੋਰ
* ਸੇਫਟੀ ਪਾਰਟੀਸ਼ਨ
* ਡਰਾਅਰ ਸਿਸਟਮ
* ਲੈਡਰ ਰੈਕਸ
* ਵਰਕ ਬੈਂਚ
* ਲਾਈਟਿੰਗ
* ਕੰਪਰੈਸਰਜ
* ਪਾਵਰ ਇਨਵਰਟਰ
* ਸੀਟ ਕਵਰ
* ਅਸੈਸਰੀ
* ਕਸਟਮ ਕੈਬਨਿਟਸ
WWW.IDEALUPFITTERS.COM
info@idealupfitters.com
MONDAY TO FRIDAY 9am-5pm SATURDAY By appointments only SUNDAY CLOSED
PH:604-599-0096
#7-12468-82Ave Surrey, BC, V3W 3E9

# ਖਾਲਸਾ ਕਰੈਡਿਟ ਯੂਨੀਅਨ ਦੀਆਂ ਚੋਣਾਂ ਵਿੱਚ 3 ਕਾਬਜ਼ ਧਿਰ ਅਤੇ 1 ਵਿਰੋਧੀ ਧਿਰ ਦਾ ਮੈਂਬਰ ਜਿੱਤਿਆ

ਸਰੀ:28 ਅਪ੍ਰੈਲ ਨੂੰ ਖਾਲਸਾ ਕਰੈਡਿਟ ਯੂਨੀਅਨ ਦੇ ਡਾਇਰੈਕਟਰਾਂ ਦੀ ਚੋਣ ਲਈ ਵੋਟਿੰਗ ਹੋਈ। ਜਿਸ ਵਿੱਚ ਚਾਰ ਡਰੈਕਟਰ ਚੁਣੇਂ ਜਾਣੇ ਸਨ। ਪਈਆਂ ਵੋਟਾਂ ਵਿੱਚ ਤਿੰਨ ਮੈਂਬਰ ਕਾਬਜ਼ ਧਿਰ ਅਤੇ ਇੱਕ ਵਿਰੋਧੀ ਧਿਰ ਦਾ ਮੈਂਬਰ ਕਾਮਯਾਬ ਹੋਇਆ। ਸਭ ਤੋਂ ਵੱਧ ਵੋਟਾਂ ਜਸਕਰਨ ਸਿੰਘ ਗਿੱਲ,ਦੂਸਰੇ ਨੰਬਰ ਤੇ ਨਵਨੀਤ ਸਿੰਘ ਅਰੋੜਾ, ਤੀਸਰੇ ਤੇ ਗੁਰਦੀਪ ਸਿੰਘ ਅਤੇ ਚੌਥੇ ਨੰਬਰ ਤੇ ਵਿਰੋਧੀ ਧਿਰ ਦੇ ਮਨਮੋਹਨ ਸਿੰਘ ਸਮਰਾ ਰਹੇ। ਇਥੇ ਇਹ ਵੀ ਦੱਸਣ ਯੋਗ ਹੈ ਕਿ ਵਿਰੋਧੀ ਧਿਰ ਦੇ ਮਨਮੋਹਨ ਸਿੰਘ ਸਮਰਾ ਸਿਰਫ ਦੋ ਸਾਲ ਲਈ ਚੁਣੇਂ ਗਏ ਹਨ ਅਤੇ ਬਾਕੀ 6 ਸਾਲ ਡਰੈਕਟਰ ਬਣੇ ਰਹਿਣਗੇ।



ਜਸਕਰਨ ਸਿੰਘ ਗਿੱਲ | ਨਵਨੀਤ ਸਿੰਘ ਅਰੋੜਾ | ਗੁਰਦੀਪ ਸਿੰਘ | ਮਨਮੋਹਨ ਸਿੰਘ

## ਖਾਲਸਾ ਕ੍ਰੈਡਿਟ ਯੂਨੀਅਨ ਦੀਆਂ ਚੋਣਾਂ ਵਿੱਚ 'ਟਾਈਮ ਫਾਰ ਚੇਂਜ' ਦੇ ਪੰਥਕ ਉਮੀਦਵਾਰਾਂ ਦਾ ਜ਼ਬਰਦਸਤ ਪ੍ਰਦਰਸ਼ਨ

## ਬੀਬੀ ਮਹਿੰਦਰ ਕੌਰ ਗਿੱਲ ਸਭ ਤੋਂ ਵੱਧ ਵੋਟਾਂ ਹਾਸਲ ਕਰਕੇ ਪਹਿਲੇ ਥਾਂ 'ਤੇ ਰਹੇ



ਐਬਸਟਸਫੋਰਡ:ਖਾਲਸਾ ਕ੍ਰੈਡਿਟ ਯੂਨੀਅਨ ਦੇ ਡਾਇਰੈਕਟਰਾਂ ਦੀਆਂ ਚੋਣਾਂ ਵਿੱਚ ਬੈਲਟ ਪੇਪਰ ਉੱਪਰ ਬੇਨਿਯਮੀਆਂ ਅਤੇ ਕਾਬਿਜ਼ ਧਿਰ ਦੇ ਉਮੀਦਵਾਰਾਂ ਦੀ ਵਿਸ਼ੇਸ਼ ਤੌਰ 'ਤੇ ਸਿਫਾਰਿਸ਼ ਕੀਤੇ ਜਾਣ ਦੇ ਕਥਿਤ ਧੱਕੇ ਦੇ ਬਾਵਜੂਦ, ਖਾਲਸਾ ਕ੍ਰੈਡਿਟ ਯੂਨੀਅਨ ਦੀਆਂ ਚੋਣਾਂ ਲੜ ਰਹੇ 'ਟਾਈਮ ਫਾਰ ਚੇਂਜ' ਦੇ ਉਮੀਦਵਾਰਾਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਹਨਾਂ ਚੋਣਾਂ ਵਿੱਚ ਐਬਟਸਫੋਰਡ ਤੋਂ 831 ਦੇ ਕਰੀਬ ਬੈਲਟ ਪੇਪਰਾਂ ਰਾਹੀਂ ਵੋਟਾਂ ਪਈਆਂ, ਜੋ ਕਿ ਕਿਸੇ ਵੀ ਹੋਰ ਪੋਲਿੰਗ ਸਟੇਸ਼ਨ ਅਤੇ ਬ੍ਰਾਂਚ ਨਾਲੋਂ ਕਾਫੀ ਵੱਧ ਸਨ। ਇਹਨਾਂ ਵੋਟਾਂ ਵਿੱਚ ਸਭ ਤੋਂ ਵੱਧ 467 ਵੋਟਾਂ ਲੈ ਕੇ ਬੀਬੀ ਮਹਿੰਦਰ ਕੌਰ ਗਿੱਲ ਪਹਿਲੀ (ਬਾਕੀ ਸਫਾ ਬੀ-04 ਤੇ)

## ਮੀਰੀ ਪੀਰੀ ਰੈਸਲਿੰਗ ਕਲੱਬ ਦੇ ਕੁਲਵਿੰਦਰ ਸਿੰਘ ਕੂਨਰ ਦੀ ਐਬਸਫੋਰਡ ਸਪੋਰਟਸ ਹਾਲ ਆਫ ਫੇਮ ਲਈ ਚੋਣ



ਵੈਨਕੂਵਰ(ਮੰਡੇਰ)-ਮੀਰੀ ਪੀਰੀ ਰੈਸਲਿੰਗ ਕਲੱਬ ਐਬਸਫੋਰਡ ਦੇ ਮੋਢੀ ਪ੍ਰਧਾਨ ਸ ਕੁਲਵਿੰਦਰ ਸਿੰਘ ਕੂਨਰ ਨੂੰ ਐਬਸਫੋਰਡ ਸਪੋਰਟਸ ਹਾਲ ਆਫ ਫੇਮ ਲਈ ਚੁਣਿਆ ਗਿਆ ਹੈ। ਸੰਸਥਾ ਵਲੋਂ ਜਾਰੀ ਇਕ ਸੂਚਨਾ ਵਿਚ ਉਕਤ ਖੁਸ਼ੀ ਸਾਂਝੀ ਕਰਦਿਆਂ ਕਿਹਾ ਗਿਆ ਹੈ ਕਿ ਕੁਲਵਿੰਦਰ ਸਿੰਘ ਕੂਨਰ ਮੀਰੀ ਪੀਰੀ ਰੈਸਲਿੰਗ ਕਲੱਬ ਦੇ ਮੋਢੀਆਂ ਵਿਚੋ ਹਨ ਜਿਹਨਾਂ ਨੇ 1996 ਵਿਚ ਆਪਣੇ ਫਾਰਮ ਤੇ ਇਸ ਕੁਸ਼ਤੀ ਕਲੱਬ ਦੀ ਸ਼ੁਰੂਆਤ ਕੀਤੀ। ਉਹਨਾਂ ਦੀ ਮਿਹਨਤ ਤੇ ਲਗਨ ਸਦਕਾ ਅੱਜ ਇਹ ਰੈਸਲਿੰਗ ਕਲੱਬ, ਸੂਬਾਈ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਆਪਣੇ ਪਹਿਲਵਾਨਾਂ ਦੀਆਂ ਪ੍ਰਾਪਤੀਆਂ ਕਰਕੇ ਜਾਣੀ ਜਾਂਦੀ ਹੈ। ਐਬਸਫੋਰਡ ਸਪੋਰਟਸ ਹਾਲ ਆਫ ਫੇਮ ਲਈ ਹੁਣ ਤੱਕ ਮੀਰੀ ਪੀਰੀ ਰੈਸਲਿੰਗ ਕਲੱਬ ਦੇ 20 ਤੋਂ ਉਪਰ ਪਹਿਲਵਾਨਾਂ ਦੀ ਚੋਣ ਹੋ ਚੁੱਕੀ ਹੈ। ਕਲੱਬ ਦੇ ਮੋਢੀ ਪ੍ਰਧਾਨ ਸ ਕੁਲਵਿੰਦਰ ਸਿੰਘ ਕੂਨਰ ਨੂੰ ਸਨਮਾਨਿਤ ਕੀਤੇ ਜਾਣ ਲਈ ਇਕ ਵਿਸ਼ੇਸ਼ ਸਮਾਗਮ ਐਬਸਫੋਰਡ ਲੈਗਸੀ ਸਪੋਰਟਸ ਸੈਂਟਰ ਵਿਖੇ 11 ਮਈ ਨੂੰ ਆਯੋਜਿਤ ਕੀਤਾ ਜਾ ਰਿਹਾ ਹੈ।

The Mortgage Centre
ਮੌਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
ਘਰਾਂ ਦੀ ਮੌਰਟਗੇਜ ਕੰਸਟਰਕਸ਼ਨ ਮੌਰਟਗੇਜ ਕਮਰਸ਼ੀਅਲ ਲੋਨ ਪ੍ਰਾਈਵੇਟ ਲੋਨ
• Purchases with 5% Down Payment
• Refinance & Renewals at Best Rates
• Self-employment - Special Programs
• Second Mortgage & Equity Loans (No Income Verification)
• Private financing - Easy Approvals
• Low Income & Bad Credit Financing
Satnam Saroya
Mortgage Specialist
604.760.9172
# 384-8148 128 St, Surrey
(Payal Buss. Centre)

ਸੁਪਰ ਵੀਜ਼ਾ ਦੇ ਲਈ ਵਿਜ਼ਟਰ ਇਨਸ਼ੋਰੈਂਸ
ਵੀਜ਼ਾ ਨਾ ਲਗਣ ਤੇ 100% ਪੈਸੇ ਵਾਪਸ
"ਬੈਂਕ ਮੋਰਟਗੇਜ ਇੰਸ਼ੋਰੈਂਸ ਲੈਣ ਤੋਂ ਪਹਿਲਾਂ ਜਾਂ ਜੇ ਤੁਹਾਡੇ ਕੋਲ ਪਹਿਲਾਂ ਹੀ ਬੈਂਕ ਮੋਰਟਗੇਜ ਇੰਸ਼ੋਰੈਂਸ ਹੈ ਤਾਂ ਤੁਹਾਨੂੰ ਪਰਸਨਲ ਇੰਸ਼ੋਰੈਂਸ ਲਈ ਜਾਣਾ ਚਾਹੀਦਾ ਹੈ।"
• ਲਾਈਫ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਡੈਂਟਲ ਤੇ ਮੈਡੀਕਲ ਪਲੈਨ • ਆਰ ਈ ਐਸੱ ਪੀ, ਆਰ ਆਰ ਐਸੱ ਪੀ
• ਮਨੀ-ਬੈਕ ਟਰਮ ਇੰਸ਼ੋਰੈਂਸ
• ਕ੍ਰਿਟੀਕਲ ਇਲਨੈਸ ਇੰਸ਼ੋਰੈਂਸ
• ਪਰੋਵਿੰਸ ਤੋਂ ਬਾਹਰ ਕਵਰੇਜ
• ਸਪੈਸ਼ਲ ਡਿਸਅਬਿਲਿਟੀ ਇੰਸ਼ੋਰੈਂਸ ਟੈਕਸੀ ਤੇ ਟਰੱਕ ਡਰਾਈਵਰਾਂ ਵਾਸਤੇ
ਅਸੀ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ
Insurance ਸਾਡੇ ਕੋਲ 10, 15, 20 ਸਾਲਾਂ ਦੇ ਗਰੰਟਿਡ ਪਲੈਨ ਹਨ।
ਜਸਵੀਰ ਗਰੇਵਾਲ
778 317 6262
JasvirGrewal0596@Gmail.com
ਆਪਣਾ ਜੀਵਨ ਬੀਮਾ ਕਰਵਾਉਣਾ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

Colorful Painting Ltd
ਨਵੇਂ ਜਾਂ ਪੁਰਾਣੇ ਘਰ/ਵਪਾਰ 'ਤੇ ਅੰਦਰ ਜਾਂ ਬਾਹਰ ਰੰਗ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ।
Commercial & Residential Interior & Exterior
Ph:604-897-2526

TRANSWORLD TRAVEL
ਗੇੜਾ ਜਿੱਥੇ ਮਰਜੀ ਲਾਉ, ਸਸਤੀ ਟਿਕਟ ਸਾਡੇ ਕੋਲੋਂ ਹੀ ਬਣਵਾਉ
ਇੰਡੀਆ ਲਈ ਸਸਤੀਆਂ ਸਿੱਧੀਆਂ ਟਿਕਟਾਂ ਲਉ
ਪੈਸੇ ਭੇਜਣ ਜਾਂ ਮੰਗਵਾਉਣ ਲਈ ਸੰਪਰਕ ਕਰੋ
Air Canada Direct YVR to Delhi
ਸੰਤੋਖ ਸਿੰਘ ਸਿੱਧੂ
604-852-2204

ਪੰਜਾਬ ਗਾਰਡੀਅਨ
Book Your Ad Today
604-590-5200

We Moved To New Location
27441-FRASER HWY. ALDERGROVE, BC
Universal Auto Collision Ltd.
• ICBC Claims ▸ ਆਈ. ਸੀ. ਬੀ. ਕਲੇਮਜ਼
• Private Claims ▸ ਪ੍ਰਾਈਵੇਟ ਕਲੇਮਜ਼
• Free Courtesy Cars ▸ ਫਰੀ ਕਰਟਸੀ ਕਾਰ
• Auto Glass Replacement ▸ ਆਟੋ ਗਲਾਸ ਰਿਪਲੇਸਮੈਂਟ
• Free Estimates ▸ ਫਰੀ ਐਸਟੀਮੇਟ
Ph. 604-596-2800
Fax: 604-596-3800
Satisfaction Guarantee

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

ਗੁਰੂ ਨਾਨਕ ਜਿਊਲਰਜ਼ ਲਿ:
24k & 22k Gold Jewelry
Lucky Stones
Gemstones
40% OFF
Seiko & Citizen Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

IATA Accredited Agent
SIDHU TRAVEL LTD.
ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਜਾਣ ਲਈ ਵਾਜਿਬ ਰੇਟ 'ਤੇ ਟਿਕਟਾਂ ਬੁੱਕ ਕਰਵਾਉਣ ਲਈ ਸੰਪਰਕ ਕਰੋ:
Rani Sidhu (Manager)
Ph: 604-504-3400
Email : sidhutravel13@gmail.com
BESTWAY Foreign Exchange Ltd.
www.bestwayforeignexchange.com
Sony Sidhu (Zira)
Ph: 778-246-2500
604-592-2676
Unit 109, 12830-80 Ave York Centre Surrey

ਵਰਕਰਾਂ ਦੀ ਲੋੜ
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤੁਰੰਤ ਲੋੜ ਹੈ। ਰਾਈਡ ਦਾ ਪ੍ਰਬੰਧ ਹੋਵੇਗਾ।
ਤਨਖਾਹ $15-$30 ਪ੍ਰਤੀ ਘੰਟਾ
6 ਦਿਨ ਕੰਮ, 10 ਘੰਟੇ ਰੋਜਾਨਾ
Ph:604-209-2722

ਮੌਰਟਗੇਜ ਦੇ ਮਾਹਿਰ
MORTGAGE ALLIANCE
Avineet Kalsey
Mortgage Consultant
604.763.3000
• ਘਰਾਂ ਦੀ ਮੌਰਟਗੇਜ • ਸੈਕਿੰਡ ਮੌਰਟਗੇਜ
• ਕੌਂਸਟ੍ਰਕਸ਼ਨ • ਕਮਰਸ਼ੀਅਲ
akalsey@mortgagealliance.com
MortgageAlliance.com/AvineetKalsey
CROSSTOWN
20 YEARS Anniversary
#1A - 2497 Clearbrook Rd, Abbotsford, BC V2T 2Y3
#205 - 12033 92A Ave. Surrey, BC V3V 4B8
Corp Office : 310-130 Brew St. Port Moody, BC V3H 0E3

READY FOR A FRESH START!
With updated strategies and a fast netwok, we'll re-list and ensure your home gets the attention it deserves.
*RESIDENTIAL *COMMERCIAL *AGRICULTURAL
We are happy to answer all of your questions.
DR. GURVINDER SINGH DHALIWAL®
ਡਾ. ਗੁਰਵਿੰਦਰ ਸਿੰਘ ਧਾਲੀਵਾਲ PERSONAL REAL ESTATE CORPORATION M.A., Ph.D
604-825-1550
gurvindersinghprec@gmail.com
WWW.GURVINDERSINGHDHALIWAL.COM

GOYAL CONSULTANT & PRINTING SERVICES
Contact:1-604-993-3037
2 Locations to Serve You
ABBOTSFORD 2599 Cedar Park Pl
SURREY 12436-74Ave
Email: goyalconsultants7@gmail.com
We are open 7 days a week
08:00 AM TO 09:00 PM
(By Appointment Only)
• ਇੰਡੀਅਨ ਪਾਸਪੋਰਟ ਐਪਲੀਕੇਸ਼ਨ(ਰੀਨਿਊ/ਨਾਮ ਬਦਲੀ)
• ਇੰਡੀਅਨ ਵੀਜਾ ਐਪਲੀਕੇਸ਼ਨ
• ਓਸੀਆਈ ਐਪਲੀਕੇਸ਼ਨ
• ਪੁਲਿਸ ਕਲੀਅਰੈਂਸ ਸਰਟੀਫਿਕੇਸ਼ਨ ਐਪਲੀਕੇਸ਼ਨ
• ਕਨੇਡੀਅਨ ਪਾਸਪੋਰਟ ਐਪਲੀਕੇਸ਼ਨ (ਨਵੀਂ/ਰੀਨਿਊ)
• ਯੂ ਐਸ ਵੀਜ਼ਾ ਐਪਲੀਕੇਸ਼ਨ ਅਤੇ ਅਪਾਇੰਟਮੈਂਟ
• Schengen ਵੀਜ਼ਾ ਐਪਲੀਕੇਸ਼ਨ (ਯੂਰਪ)
• ਯੂਕੇ/ਆਸਟਰੇਲੀਆ/ਨਿਊਜ਼ੀਲੈਂਡ ਵੀਜ਼ਾ ਐਪਲੀਕੇਸ਼ਨ




FARM AND SPICE
Weekly Special Flyer
May 3 - May 9
Daily Specials on
Open 7 Days a Week
8.30 am to 9.00 pm
$4.99 each
Savera Paneer
ਸੇਬ
Apple
Gala BC
$1.49 /lb
ਧਨੀਆ
Cilantro
79¢ each
ਪੱਤਾ ਗੋਬੀ
Cabbage
Green
89¢ /lb
ਨਿੰਬੂ
Lemon
2 for 99¢
ਸੇਬ
Apple
Ambrosia
$1.49 /lb
ਸੇਬ
Apple
Cosmic Crisp
$1.49 /lb
ਸ਼ਿਮਲਾ ਮਿਰਚ
Green Pepper
$1.49 /lb
ਸਲੇਰੀ
Celery
$1.99 /each
ਬੈਂਗਣ
Eggplant
Jumbo
$1.49 each
ਪਚਰੰਗਾ ਅਚਾਰ
Pachranga
Mix Pickle 1kg
$4.99 each
ਪਚਰੰਗਾ ਮੁਰੱਬਾ
Pachranga
Amla Murabba 1kg
$4.99 each
ਖੰਡ
Heer Sugar
White
8lb
$7.99 each
ਬਾਸਮਤੀ ਚਾਵਲ
Nutri Fresh Delight Rice
10lb
$11.99 each
ਅਸ਼ੀਰਵਾਦ ਆਟਾ
Aashirvaad
Atta 20lb
$14.99 each
ਸਾਨੀਆ ਤੇਲ
Sania Oil
Sunflower 5 ltr
$14.99 each
ਸਵੇਰਾ ਘਿਓ
Savera
Ghee 3.5 lb
$25.99 each
*while supply last
http://farmandspice.com
#9546-9548 Scott Town Plaza
96 Ave Scott Road Surrey
# 09-10 12830 96 Ave.
Surrey BC | Tel: 604 930 7742
# 103-104 14320 64 Ave.
Surrey BC | Tel: 604 593 6323

# ਖਾਲਸਾ ਕ੍ਰੈਡਿਟ ਯੂਨੀਅਨ ਦੇ ਡਾਇਰੈਕਟਰਾਂ ਦੀਆਂ ਚੋਣਾਂ ਵਿੱਚ ਬੈਲਟ ਪੇਪਰਾਂ ਉੱਪਰ ਘਪਲੇਬਾਜ਼ੀ

## ਬੇਨਿਯਮੀਆਂ ਦੇ ਗੰਭੀਰ ਦੋਸ਼ਾਂ ਦੇ ਚੱਲਦਿਆਂ ਸੱਤਾਧਾਰੀ ਅਤੇ ਮੌਜੂਦਾ ਕਾਬਿਜ਼ ਸਲੇਟ ਨੇ ਜਿੱਤੀ ਚੋਣ, 'ਟਾਈਮ ਫਾਰ ਚੇਂਜ' ਦੇ ਉਮੀਦਵਾਰਾ ਵੱਲੋਂ ਕਾਨੂੰਨੀ ਕਾਰਵਾਈ ਬਾਰੇ ਵਿਚਾਰਾਂ ਅਤੇ ਨਤੀਜੇ ਪੱਖਪਾਤੀ ਕਰਾਰ

ਸਰੀ:ਪਿਛਲੇ ਦਿਨੀ ਖਾਲਸਾ ਕ੍ਰੈਡਿਟ ਯੂਨੀਅਨ ਦੇ ਡਾਇਰੈਕਟਰਾਂ ਦੀਆਂ ਚੋਣਾਂ ਵਿੱਚ ਮੈਂਬਰਾਂ ਵੱਲੋਂ ਭਰਪੂਰ ਹੁੰਗਾਰਾ ਦਿਖਾਇਆ ਗਿਆ। ਕਰੀਬ 2911 ਬੈਲਟ ਪੇਪਰਾਂ ਰਾਹੀਂ 10 ਹਜ਼ਾਰ ਤੋਂ ਵੱਧ ਵੋਟਾਂ ਭੁਗਤੀਆਂ, ਜੋ ਕਿ ਹੁਣ ਤੱਕ ਦਾ ਰਿਕਾਰਡ ਹੈ। ਇਹਨਾਂ ਚੋਣਾਂ ਵਿੱਚ ਮੌਜੂਦਾ ਕਾਬਿਜ਼ ਧਿਰ ਦੇ ਉਮੀਦਵਾਰਾਂ ਤੋਂ ਇਲਾਵਾ, 'ਟਾਈਮ ਫਾਰ ਚੇਂਜ' ਦੇ ਸਰਬ ਸਾਂਝੇ ਪੰਥਕ ਉਮੀਦਵਾਰ ਵੀ ਮੈਦਾਨ ਵਿੱਚ ਸਨ। ਚੋਣਾਂ ਦੌਰਾਨ ਜਿੱਥੇ ਨੌਮੀਨੇਸ਼ਨ ਕਮੇਟੀ ਨੇ ਪਹਿਲਾਂ ਹੀ ਚਾਰ ਉਮੀਦਵਾਰਾਂ ਦੀ ਸਿਫਾਰਸ਼ ਕਰਕੇ ਕਾਨੂੰਨ ਦੀ ਉਲੰਘਣਾ ਕੀਤੀ, ਉਥੇ ਬੈਲਟ ਪੇਪਰਾਂ ਉੱਪਰ ਚਾਰ ਉਮੀਦਵਾਰਾਂ ਦੀ ਸਿਫਾਰਸ਼ ਕਰਦਿਆਂ ਹੋਇਆਂ, ਵੋਟਰਾਂ ਨੂੰ ਗੁਮਰਾਹ ਕਰਨ ਦਾ ਗੰਭੀਰ ਮਾਮਲਾ ਸਾਹਮਣੇ ਆਇਆ ਹੈ, ਜੋ ਕਿ ਕੈਨੇਡਾ ਦੇ ਵੋਟ ਸਿਸਟਮ ਦੇ ਕਾਇਦੇ -ਕਾਨੂੰਨਾਂ ਦੀਆਂ ਸ਼ਰੇਆਮ ਧੱਜੀਆਂ ਉਡਾਉਣ ਵਾਲੀ ਗੱਲ ਹੈ।ਟਾਈਮ ਫਾਰ ਚੇਂਜ ਦੇ ਉਮੀਦਵਾਰਾਂ ਨੇ ਇਸ ਬੇਨਿਯਮੀ ਅਤੇ ਪੱਖਪਾਤ ਬਾਰੇ ਚੋਣ ਸ਼ੁਰੂ ਹੋਣ ਵੇਲੇ ਹੀ ਗੰਭੀਰ ਇਤਰਾਜ਼ ਉਠਾਏ, ਜਿਨਾਂ ਨੂੰ ਰਿਟਰਨਿੰਗ ਆਫਸਰਾਂ ਨਾਲ ਵੀ ਵਿਚਾਰਿਆ ਗਿਆ। ਕਾਨੂੰਨੀ ਮਾਹਿਰਾਂ ਨੇ ਇਸ ਗੱਲ ਨੂੰ ਹੈਰਾਨੀਜਨਕ ਅਤੇ ਗੰਭੀਰ ਬੇਨਿਯਮੀ ਕਰਾਰ ਦਿੱਤਾ ਹੈ। ਇਹਨਾਂ ਹਾਲਾਤ ਦੇ ਚਲਦਿਆਂ ਹੋਇਆਂ ਵੋਟਾਂ ਪੈਣ ਮਗਰੋਂ, ਸੱਤਾਧਾਰੀ ਧਿਰ ਦੇ ਚਾਰ ਵਿੱਚੋਂ ਤਿੰਨ ਉਮੀਦਵਾਰਾਂ ਨੇ ਚੋਣ ਜਿੱਤ ਲਈ, ਜਿਨਾਂ ਵਿੱਚ ਜਸਕਰਨ ਸਿੰਘ ਗਿੱਲ, ਨਵਨੀਤ ਸਿੰਘ ਅਰੋੜਾ ਅਤੇ ਗੁਰਦੀਪ ਸਿੰਘ ਸ਼ਾਮਿਲ ਹਨ, ਜਦਕਿ ਟਾਈਮ ਫਾਰ ਚੇਂਜ ਵਿੱਚੋਂ ਮਨਮੋਹਣ ਸਿੰਘ ਸਮਰਾ ਦੀ ਵੀ ਚੌਥੇ ਡਾਇਰੈਕਟਰ ਵਜੋਂ ਚੋਣ ਹੋ ਗਈ ਹੈ। ਇਸ ਤੋਂ ਇਲਾਵਾ ਟਾਈਮ ਫਾਰ ਚੇਂਜ ਦੇ ਉਮੀਦਵਾਰਾਂ ਸਤਵੰਤ ਸਿੰਘ ਸੰਧੂ, ਮਹਿੰਦਰ ਕੌਰ ਗਿੱਲ ਅਤੇ ਮਨਜੀਤ ਸਿੰਘ ਮਿਨਹਾਸ ਪੰਜਵੇਂ, ਛੇਵੇਂ ਅਤੇ ਸੱਤਵੇਂ ਨੰਬਰ ਤੇ ਰਹੇ, ਜਦਕਿ ਕਾਬਿਜ਼ ਧਿਰ ਦੇ ਰੁਪਿੰਦਰਜੀਤ ਕਾਹਲੋਂ 8ਵੇਂ ਥਾਂ 'ਤੇ ਰਹੇ ਤੇ ਸਾਬਕਾ ਡਾਇਰੈਕਟਰ ਜਸਵਿੰਦਰ ਸਿੰਘ ਗਿੱਲ ਸਭ ਤੋਂ ਪਿੱਛੇ ਨੌਵੇਂ ਸਥਾਨ ਤੇ ਰਹੇ।

ਸੱਤਾਧਾਰੀ ਤੇ ਕਾਬਿਜ਼ ਸਲੇਟ ਦੇ 3 ਉਮੀਦਵਾਰਾਂ ਵੱਲੋਂ ਨੌਮੀਨੇਸ਼ਨ ਪੇਪਰ ਉੱਪਰ ਘਪਲੇਬਾਜ਼ੀ ਰਾਹੀਂ ਇਹਨਾਂ ਚੋਣਾਂ ਦੇ ਜਿੱਤਣ ਦੇ ਮਾਮਲੇ ਨੂੰ ਲੈ ਕੇ, ਇਸ ਨੂੰ ਚੁਣੌਤੀ ਦੇਣ ਬਾਰੇ ਗੰਭੀਰ ਵਿਚਾਰਾਂ ਹੋ ਰਹੀਆਂ ਹਨ, ਬੇਸ਼ੱਕ ਇਸ ਬਾਰੇ ਟਾਈਮ ਫਾਰ ਚੇਂਜ ਦੇ ਉਮੀਦਵਾਰਾਂ ਅਤੇ ਉਨਾਂ ਦੇ ਸਹਿਯੋਗੀਆਂ ਵੱਲੋਂ ਅੰਤਿਮ ਫੈਸਲਾ ਲਿਆ ਜਾਣਾ ਬਾਕੀ ਹੈ।



KHALSA CREDIT UNION
ELECTION April 28, 2024
10 a.m. to 5 p.m.

PLEASE MARK "X" OR "✓" IN THE BOX TO VOTE FOR 4 CANDIDATES ONLY OTHERWISE THE BALLOT WILL BE VOID

NAVNIT SINGH ARORA (RECOMMENDED)
JASKARAN SINGH GILL (RECOMMENDED)
JASWINDER SINGH GILL (RECOMMENDED)
MOHINDER KAUR GILL
RUPINDERJIT SINGH KAHLON
MANJIT SINGH MINHAS
MANMOHAN SINGH SAMRA
SATWANT SINGH SANDHU
GURDEEP SINGH (RECOMMENDED)

ਬੈਲਟ ਪੇਪਰ ਦੀ ਫੋਟੋ ਜਿਸ ਵਿਚ ਚਾਰ ਉਮੀਦਵਾਰਾਂ ਦੀ ਖੁੱਲ੍ਹੇ ਤੌਰ ਤੇ ਸਿਫਾਰਿਸ਼ ਕੀਤੀ ਗਈ

# ਸਿੱਖਾਂ ਵੱਲੋਂ ਬੀ ਜੇ ਪੀ-ਆਰ ਐੱਸ ਐੱਸ 'ਚ ਸ਼ਮੂਲੀਅਤ ਕਰਨਾ ਦਿਸ਼ਾਹੀਣ:ਮਾਨ




ਫ਼ਤਹਿਗੜ੍ਹ ਸਾਹਿਬ:ਪੰਥਕ ਆਗੂ ਸ. ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਕੁਝ ਦਿਨ ਪਹਿਲੇ ਜੋ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 7 ਮੈਂਬਰਾਂ ਤੇ ਹੋਰਨਾਂ ਸਿੱਖਾਂ ਵੱਲੋਂ ਮੁਤੱਸਵੀ ਪੰਜਾਬ ਤੇ ਸਿੱਖ ਕੌਮ ਵਿਰੋਧੀ ਜਮਾਤ ਬੀਜੇਪੀ-ਆਰ.ਐਸ.ਐਸ. ਵਿੱਚ ਜੋ ਤਾਕਤ ਦੇ ਪ੍ਰਭਾਵ ਹੇਠ ਆ ਕੇ ਉਨ੍ਹਾਂ ਦੇ ਗੁੰਮਰਾਹਕੁੰਨ ਪ੍ਰਚਾਰ ਵਿੱਚ ਫਸ ਕੇ ਇਸ ਜਮਾਤ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਗਿਆ ਹੈ, ਉਹ ਪੰਜਾਬ ਸੂਬੇ ਤੇ ਖ਼ਾਲਸਾ ਪੰਥ ਦੀਆਂ ਪੁਰਾਤਨ ਮਹਾਨ ਸਿਧਾਂਤਕ ਰਵਾਇਤਾਂ ਤੇ ਸੋਚ ਨੂੰ ਤਿਲਾਂਜਲੀ ਦੇ ਕੇ ਸਮੁੱਚੀ ਸਿੱਖ ਕੌਮ ਦੇ ਮਨ-ਆਤਮਾਵਾਂ ਨੂੰ ਠੇਸ ਪਹੁੰਚਾਉਣ ਦੀਆਂ ਦਿਸ਼ਾਹੀਣ, ਅਫਸੋਸਨਾਕ ਅਮਲ ਕੀਤੇ ਗਏ ਹਨ । ਜਿਸ ਨੂੰ ਕੋਈ ਵੀ ਗੁਰੂ ਦਾ ਸਿੱਖ ਕਦੀ ਵੀ ਪ੍ਰਵਾਨ ਨਹੀਂ ਕਰ ਸਕਦਾ।ਇਸ ਲਈ ਇਨ੍ਹਾਂ ਗੁੰਮਰਾਹ ਹੋਏ ਸਿੱਖਾਂ ਵੱਲੋਂ ਜੋ ਉਪਰੋਕਤ ਅਮਲ ਕੀਤਾ ਗਿਆ ਹੈ, ਉਨ੍ਹਾਂ ਦੀਆਂ ਆਪਣੀਆ ਖੁਦ ਦੀਆਂ ਆਤਮਾਵਾਂ ਵੀ ਉਨ੍ਹਾਂ ਨੂੰ ਕੁਝ ਹੀ ਸਮੇ ਬਾਅਦ ਦੋਸ਼ੀ ਠਹਿਰਾਉਣਗੀਆਂ, ਕਿਉਂਕਿ ਗੁਰੂ ਸਾਹਿਬਾਨ ਨੇ ਆਪਣੇ ਸਿੱਖਾਂ ਨੂੰ ਸਮੇਂ ਦੇ ਹੁਕਮਰਾਨਾਂ ਦੇ ਜਬਰ ਜੁਲਮਾਂ ਅੱਗੋਂ ਕਦੀ ਵੀ ਈਨ ਨਾ ਮੰਨਣ ਤੇ ਉਨ੍ਹਾਂ ਵੱਲੋਂ ਭੇਜੀਆਂ ਕੀਮਤੀ ਸੌਗਾਤਾਂ ਨੂੰ ਠੁਕਰਾ ਕੇ ਦ੍ਰਿੜਤਾ ਨਾਲ ਖ਼ਾਲਸਾ ਪੰਥ ਦੀ ਸੋਚ 'ਤੇ ਪਹਿਰਾ ਦੇਣ ਦਾ ਸਾਨੂੰ ਹੁਕਮ ਕੀਤਾ ਹੈ, ਪਰ ਇਨ੍ਹਾਂ ਸਿੱਖਾਂ ਨੇ ਗੁਰੂ ਦੀ ਸੋਚ ਤੇ ਸਮੁੱਚੇ ਖਾਲਸਾ ਪੰਥ ਨੂੰ ਪਿੱਠ ਦੇ ਕੇ ਕੇਵਲ ਆਪਣੇ ਪਰਵਾਰਾਂ ਤੇ ਖਾਨਦਾਨਾਂ ਦੇ ਭਵਿੱਖ ਨੂੰ ਹੀ ਦਾਗੀ ਨਹੀਂ ਕੀਤਾ, ਸਗੋਂ ਗਲਤ ਸੰਦੇਸ਼ ਦੇਣ ਦੀ ਬਜਰ ਗੁਸਤਾਖੀ ਕੀਤੀ ਹੈ।

**(ਮੁੱਖ ਪੰਨੇ ਦੀ ਬਾਕੀ)**

ਥਾਂ 'ਤੇ ਰਹੇ ਤੇ ਕਾਬਜ਼ ਧਿਰ ਦੇ ਹੇਠਲੇ ਉਮੀਦਵਾਰ ਤੋਂ 6ਸੌ ਤੋਂ ਵੱਧ ਵੋਟਾਂ ਹਾਸਿਲ ਕੀਤੀਆਂ, ਜਦ ਕਿ ਦੂਜੇ ਥਾਂ 'ਤੇ ਮਨਜੀਤ ਸਿੰਘ ਮਿਨਹਾਸ, ਤੀਜੇ ਥਾਂ 'ਤੇ ਜਸਕਰਨ ਸਿੰਘ ਗਿੱਲ, ਚੌਥੇ ਥਾਂ 'ਤੇ ਮਨਮੋਹਣ ਸਿੰਘ ਸਮਰਾ ਅਤੇ ਪੰਜਵੇਂ ਥਾਂ 'ਤੇ ਸਤਵੰਤ ਸਿੰਘ ਸੰਧੂ ਵੱਡੇ ਫਰਕ ਨਾਲ ਐਬਟਸਫੋਰਡ ਤੋਂ ਸਫਲ ਰਹੇ। ਬੀਬੀ ਮਹਿੰਦਰ ਕੌਰ ਗਿੱਲ ਅਤੇ 'ਟਾਈਮ ਫਾਰ ਚੇਂਜ' ਦੀ ਪੰਥਕ ਸਲੇਟ ਦੇ ਬਾਕੀ ਜੇਤੂਆਂ ਨੇ ਕਿਹਾ ਕਿ ਬੇਸ਼ੱਕ ਐਬਟਸਫੋਰਡ ਵਾਸੀਆਂ ਵੋਟਰਾਂ ਨੇ ਬੜੇ ਉਤਸ਼ਾਹ ਨਾਲ ਵੋਟਾਂ ਪਾ ਕੇ ਉਹਨਾਂ ਨੂੰ ਮਾਣ ਦਵਾਇਆ ਹੈ, ਪਰ ਕਿਉਂਕਿ ਇਹਨਾਂ ਚੋਣਾਂ ਵਿੱਚ ਬੈਲਟ ਪੇਪਰਾਂ ਉੱਪਰ ਬੇਨਿਯਮੀਆਂ 'ਤੇ ਤਿੱਖਾ ਇਤਰਾਜ਼ ਕਰਦੇ ਹਨ ਅਤੇ ਆਪਣੀ ਸਲੇਟ ਨਾਲ ਮਿਲ ਕੇ ਕਾਨੂੰਨੀ ਕਾਰਵਾਈ ਵਾਸਤੇ ਵਿਚਾਰ ਵਟਾਂਦਰਾ ਕਰ ਰਹੇ ਹਨ। ਇਹਨਾਂ ਚੋਣਾਂ ਨੂੰ ਚੁਣੌਤੀ ਦੇਣ ਦੇ ਮਾਮਲੇ ਵਿੱਚ ਜੇਕਰ ਵਿਰੋਧੀ ਸਲੇਟ 'ਟਾਈਮ ਫਾਰ ਚੇਂਜ' ਅਦਾਲਤ ਦਾ ਦਰਵਾਜ਼ਾ ਖੜਕਾਉਂਦੀ ਹੈ, ਤਾਂ ਇਹ ਚੋਣ ਰੱਦ ਵੀ ਹੋ ਸਕਦੀ ਹੈ ਅਤੇ ਵੋਟਾਂ ਦੁਆਰਾ ਪਾਉਣੀਆਂ ਪੈ ਸਕਦੀਆਂ ਹਨ।


BADH
26 Years Experience in Accounting
Accounting Services
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC



Jasbir Singh Badh

Charlesworth insurance services ltd.
Servicing the following insurance needs:
• Homeowners • Condo • Cargo
• Tenants • RV's • Liability
• Farms • Business • Auto
• Travel • Contractors • Private Auto
• Life • Disability • Marriage Licence Issuer
autoplan
"For Fast, Friendly and Reliable Service!"



Phone: 604-852-2565
Fax: 852-2996
OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM
1A-32465 South Fraser Way, Abbotsford, BC V2T 1X4

KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com




Best Rates
ਵਿਆਹ ਦੇ ਕਾਰਡ
Letterheads, Business Cards, Envelops Invoices, Flyers, Folding, Stitching, Numbering, Rubbers Stamps, Receipt Books, Brochures
All kinds of Signs and Decals
ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਇਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ
ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਭਾਈ ਸੰਦੀਪ ਸਿੰਘ ਸੰਨੀ ਦੀ ਪੇਸ਼ੀ ‘ਤੇ ਕਚਹਿਰੀ ‘ਚ ਸਿੰਘਾਂ ਅਤੇ ਸ਼ਿਵ ਸੈਨਿਕਾਂ ‘ਚ ਟਕਰਾਅ ਹੋਣੋ ਟਲਿਆ
# ਸੂਰੀ ਦੇ ਮੁੰਡੇ ਨੇ ਬੋਲੀ ਭੱਦੀ ਸ਼ਬਦਾਵਲੀ, ਸਿੰਘਾਂ ਨੇ ਲਾਏ ਖ਼ਾਲਿਸਤਾਨ ਦੇ ਨਾਅਰੇ
# ਮਾਹੌਲ ਖਰਾਬ ਕਰਨ ਵਾਲੇ ਸ਼ਿਵ ਸੈਨਿਕਾਂ ਨੂੰ ਨੱਥ ਪਾਵੇ ਸਰਕਾਰ:ਪੰਥਕ ਆਗੂ



ਅੰਮ੍ਰਿਤਸਰ:ਸ਼ਿਵ ਸੈਨਾ ਦੇ ਪ੍ਰਧਾਨ ਸੁਧੀਰ ਸੂਰੀ ਨੂੰ ਸੋਧਣ ਵਾਲੇ ਕੌਮੀ ਯੋਧੇ ਭਾਈ ਸੰਦੀਪ ਸਿੰਘ ਸੰਨੀ ਦੀ ਅੱਜ ਅੰਮ੍ਰਿਤਸਰ ਕਚਹਿਰੀ ਵਿੱਚ ਤਰੀਕ ‘ਤੇ ਪੰਥਕ ਜਥੇਬੰਦੀਆਂ ਅਤੇ ਸ਼ਿਵ ਸੈਨਿਕਾਂ ‘ਚ ਉਸ ਸਮੇਂ ਤਕਰਾਰ ਪੈਦਾ ਹੋ ਗਿਆ ਜਦ ਸੁਧੀਰ ਸੂਰੀ ਦਾ ਪਰਿਵਾਰ ਕਚਹਿਰੀ ਦੇ ਬਾਹਰ ਸੜਕ ‘ਤੇ ਬੈਠਣ ਦਾ ਡਰਾਮਾ ਕਰਨ ਲੱਗਾ, ਮੌਕੇ ‘ਤੇ ਹਾਜ਼ਰ ਵੱਡੀ ਗਿਣਤੀ ‘ਚ ਪੁਲਿਸ ਪ੍ਰਸ਼ਾਸਨ ਨੇ ਉਹਨਾਂ ਨੂੰ ਤੁਰੰਤ ਓਥੋਂ ਹਟਾਉਣ ਲਈ ਜੱਦੋ-ਜਹਿਦ ਕੀਤੀ।ਪਰ ਜਦੋਂ ਵਾਪਸੀ ‘ਤੇ ਸਿੰਘ ਓਥੋਂ ਲੰਘਣ ਲੱਗੇ ਤਾਂ ਸੁਧੀਰ ਸੂਰੀ ਦੇ ਮੁੰਡੇ ਨੇ ਖ਼ਾਲਿਸਤਾਨ ਦੇ ਖ਼ਿਲਾਫ਼ ਅਤੇ ਸਿੰਘਾਂ ਵਿਰੁੱਧ ਭੱਦੀ ਸ਼ਬਦਾਵਲੀ ਵਰਤੀ, ਜਿਸ ਉਪਰੰਤ ਜੋਸ਼ ਵਿੱਚ ਆ ਕੇ ਪੰਥਕ ਜਥੇਬੰਦੀਆਂ ਦੇ ਆਗੂਆਂ ਨੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ ਜ਼ਿੰਦਾਬਾਦ ਅਤੇ ਖ਼ਾਲਿਸਤਾਨ ਜ਼ਿੰਦਾਬਾਦ ਦੇ ਨਾਹਰੇ ਲਾਉਣੇ ਸ਼ੁਰੂ ਕਰ ਦਿੱਤੇ ਤੇ ਫਿਰ ਦੋਵਾਂ ਧਿਰਾਂ ਨੇ ਇੱਕ ਦੂਜੇ ਨੂੰ ਲਲਕਾਰਿਆ, ਪਰ ਪੁਲਿਸ ਦੀ ਮੁਸਤੈਦੀ ਨਾਲ ਇਹ ਟਕਰਾਅ ਹੋਣੋਂ ਬਚ ਗਿਆ। ਜਦ ਪੰਥਕ ਜਥੇਬੰਦੀਆਂ ਦੇ ਆਗੂ ਸਵੇਰੇ ਕਚਹਿਰੀ ‘ਚ ਭਾਈ ਸੰਦੀਪ ਸਿੰਘ ਸੰਨੀ ਦੇ ਪਰਿਵਾਰ ਨਾਲ ਇਕੱਠੇ ਹੋਏ ਤਾਂ ਪੁਲਿਸ ਅਫ਼ਸਰਾਂ ਨੇ ਪੰਥਕ ਜਥੇਬੰਦੀਆਂ ਦੇ ਆਗੂਆਂ ਨੂੰ ਅੰਦਰ ਜਾਣ ਤੋਂ ਰੋਕ ਲਿਆ, ਪੁਲਿਸ ਅਫ਼ਸਰ ਖ਼ੁਦ ਹੀ ਸੰਨੀ ਦੇ ਦੋਵੇਂ ਭਰਾਵਾਂ ਨੂੰ ਅੰਦਰ ਤਰੀਕ ‘ਤੇ ਲੈ ਕੇ ਗਏ ਤੇ ਵਾਪਸੀ ‘ਤੇ ਸੂਰੀ ਦੇ ਪਰਿਵਾਰ ਦੇ ਗ਼ਲਤ ਵਿਹਾਰ ਕਰਕੇ ਗੜਬੜ ਪੈਦਾ ਹੋ ਗਈ। ਪੰਥਕ ਜਥੇਬੰਦੀਆਂ ਦੇ ਆਗੂਆਂ ਨੇ ਦੋਸ਼ ਲਾਇਆ ਕਿ ਸੁਧੀਰ ਸੂਰੀ ਦਾ ਪਰਿਵਾਰ ਅਤੇ ਸਮਰਥਕ ਹਰ ਵਾਰ ਮਾਹੌਲ ਖਰਾਬ ਕਰਦੇ ਹਨ ਤੇ ਇਸ ਵਾਰ ਵੀ ਉਹਨਾਂ ਨੇ ਸਿੰਘਾਂ ਨੂੰ ਲਲਕਾਰਿਆ ਸੀ।ਉਹਨਾਂ ਕਿਹਾ ਕਿ ਪਿਛਲੀ ਵਾਰ ਵੀ ਭਾਈ ਸੰਦੀਪ ਸਿੰਘ ਸੰਨੀ ਦੇ ਦੋਵਾਂ ਭਰਾਵਾਂ ਨੂੰ ਸੂਰੀ ਦੇ ਸਮਰਥਕਾਂ ਨੇ ਧਮਕਾਇਆ ਸੀ। ਅੱਜ ਅਸੀਂ ਜਦੋਂ ਕਚਹਿਰੀ ‘ਚੋਂ ਬਾਹਰ ਨਿਕਲ ਰਹੇ ਸੀ ਤਾਂ ਸੂਰੀ ਸਮਰਥਕਾਂ ਨੇ ਸਾਨੂੰ ਵੇਖ ਕੇ ਬਕਵਾਸ ਕਰਨੀ ਸ਼ੁਰੂ ਕਰ ਦਿੱਤੀ।

ਉਹਨਾਂ ਕਿਹਾ ਕਿ ਪਹਿਲਾਂ ਸੁਧੀਰ ਸੂਰੀ ਨੇ ਵੀ ਸਿੱਖੀ ਅਤੇ ਸਿੱਖਾਂ ਖ਼ਿਲਾਫ਼ ਬਕਵਾਸ ਕਰਕੇ ਆਪਣੀ ਮੌਤ ਨੂੰ ਖੁਦ ਸਹੇੜਿਆ ਸੀ।ਉਹਨਾਂ ਕਿਹਾ ਕਿ ਪੁਲਿਸ ਪ੍ਰਸ਼ਾਸਨ ਦਾ ਫ਼ਰਜ਼ ਬਣਦਾ ਹੈ ਕਿ ਸੁਧੀਰ ਸੂਰੀ ਦੇ ਪਰਿਵਾਰਕ ਮੈਂਬਰਾਂ ਅਤੇ ਸਮਰਥਕਾਂ ਨੂੰ ਨੱਥ ਪਾਈ ਜਾਵੇ। ਇਸ ਮੌਕੇ ਸੰਦੀਪ ਸਿੰਘ ਸੰਨੀ ਦੇ ਦੋਵੇਂ ਭਰਾ ਹਰਦੀਪ ਸਿੰਘ, ਮਨਦੀਪ ਸਿੰਘ, ਭਾਈ ਤੇਜਬੀਰ ਸਿੰਘ ਦਮਦਮੀ ਟਕਸਾਲ ਅਜਨਾਲਾ, ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਪ੍ਰਧਾਨ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ, ਭਾਈ ਦਿਲਬਾਗ ਸਿੰਘ ਸੁਲਤਾਨਵਿੰਡ ਪ੍ਰਧਾਨ ਜਥਾ ਸਿਰਲੱਥ ਖਾਲਸਾ, ਭਾਈ ਭੁਪਿੰਦਰ ਸਿੰਘ ਛੇ ਜੂਨ, ਭਾਈ ਪੰਜਾਬ ਸਿੰਘ ਸੁਲਤਾਨਵਿੰਡ ਨਿਹੰਗ ਮੁਖੀ ਤਰਨਾ ਦਲ ਪੰਜ ਹੱਥਾ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜਨਰਲ ਸਕੱੱਤਰ ਭਾਈ ਉਪਕਾਰ ਸਿੰਘ ਸੰਧੂ, ਭਾਈ ਸ਼ਮਸ਼ੇਰ ਸਿੰਘ ਪੱਧਰੀ, ਭਾਈ ਜਤਿੰਦਰ ਸਿੰਘ ਹੈਪੀ ਨਿਹੰਗ, ਕੁਲਦੀਪ ਸਿੰਘ ਧਾਰੜ ਤੇ ਹੋਰ ਹਾਜ਼ਰ ਸਨ।

## ਕਾਂਗਰਸੀ ਬਮ ਫੋਕਾ ਨਿਕਲਿਆ

ਇੰਦੌਰ:ਮੱਧ ਪ੍ਰਦੇਸ਼ ਦੀ ਇੰਦੌਰ ਲੋਕ ਸਭਾ ਸੀਟ ਤੋਂ ਕਾਂਗਰਸੀ ਉਮੀਦਵਾਰ ਅਕਸ਼ੈ ਕਾਂਤੀ ਬਮ ਨੇ ਸੋਮਵਾਰ ਆਪਣੀ ਨਾਮਜ਼ਦਗੀ ਵਾਪਸ ਲੈ ਕੇ ਪਾਰਟੀ ਨੂੰ ਵੱਡਾ ਝਟਕਾ ਦਿੱਤਾ। ਰਾਜ ਦੇ ਕੈਬਨਿਟ ਮੰਤਰੀ ਕੈਲਾਸ਼ ਵਿਜੇਵਰਗੀਆ ਨੇ ਆਪਣੇ ਐਕਸ ਅਕਾਊਂਟ ’ਤੇ ਤਸਵੀਰ ਪੋਸਟ ਕੀਤੀ, ਜਿਸ ’ਚ ਬਮ ਉਨ੍ਹਾ ਨਾਲ ਕਾਰ ’ਚ ਬੈਠੇ ਹਨ। ਭਾਜਪਾ ਦੇ ਗੜ੍ਹ ਇੰਦੌਰ ’ਚ ਕਾਂਗਰਸ ਨੇ ਨਵੇਂ ਆਏ ਬਮ (45) ਨੂੰ ਆਪਣਾ ਉਮੀਦਵਾਰ ਬਣਾਇਆ ਸੀ। ਇਸ ਤੋਂ ਪਹਿਲਾਂ ਉਸ ਨੇ ਕਦੇ ਚੋਣ ਨਹੀਂ ਸੀ ਲੜੀ।

THANDI AUTO CARE CENTRE LTD
WE DO REPAIR OF ALL MAKES & MODELS
- General Repairs
- Transmission- Brakes
- Tune Ups - Mufflers
- Electrical Problems
-We also do Diesel Repairs
ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ





Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com
#106-12465 82 Ave , Surrey BC

CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।
• ਐਲ ਐਮ ਆਈ ਏ / ਵਰਕ ਪਰਮਿਟ
• ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
• ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
• ਬੀ. ਸੀ. ਪੀ. ਐਨ. ਪੀ.
• ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
• ਇਨ-ਹੋਮ ਕੇਅਰਗਿਵਰਜ (ਨੈਨੀ)
• ਸਟੂਡੈਂਟ ਵੀਜ਼ਾ
• LMIA / Work Permit
• PARENTS & GRANDPARENTS SPONSORSHIP
• SPOUSAL SPONSORSHIP (MARRIAGE CASES)
• BCPNP
• In Home Caregivers (Nanny)
• SUPER VISA FOR PARENTS
• Student Visa
OUR SERVICES:
• Visitors Visa / Skilled Workers
• Temporary Workers
• Quebec Immigration
• Family Sponsorship
• Provincial Nominees
• Canadian Experience Class
• Business / Entrepreneurs / Investor Immigration
• Extension Of Temporary Visa
• Restoration Of Status
• Refugee Claims
• Citizenship Application
• Immigration & Investment Programs For Farmers / Businessmen
CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic

UNI GLOBAL IMMIGRATION
Consulting Services Ltd.
Your Dream......Our Passion
For all your Immigration Related Needs:
» Express Entry (PR)
» FSW, FST
» Canadian Experience Class
» LMIA & Work Permit
» PNP
» Spousal (Marriage) Sponsorship
» Business (Investor) Visa
» Study Visa
» Care-giver (Nanny)
» Visitor Visa
» Super Visa
» Citizenship Application
» Refusal Cases
» IEC
We also help employers in hiring temporary foreign workers (TFW). We help employers in each and every step of acquring Temporary Foreign Workers
Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਬਾਦਲਕੇ, ਕਾਂਗਰਸੀ, ਭਾਜਪਾ ਤੇ ਝਾੜੂ ਵਾਲੇ ਪੰਥ ਤੇ ਪੰਜਾਬ ਦੇ ਹਿਤੈਸ਼ੀ ਨਹੀਂ:ਈਮਾਨ ਸਿੰਘ ਮਾਨ



ਅੰਮ੍ਰਿਤਸਰ:ਨਿਊ ਅੰਮ੍ਰਿਤਸਰ ਦੀ ਡਾਕਟਰ ਐਵੀਨਿਊ ਵਿਖੇ ਵੱਖ-ਵੱਖ ਪੰਥਕ ਜਥੇਬੰਦੀਆਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ, ਜਥਾ ਸਿਰਲੱਥ ਖ਼ਾਲਸਾ ਅਤੇ ਵਾਰਿਸ ਪੰਜਾਬ ਦੇ ਆਗੂਆਂ ਦੀ ਲੋਕ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਅਹਿਮ ਮੀਟਿੰਗ ਹੋਈ। ਮੀਟਿੰਗ ‘ਚ ਵਿਚਾਰਾਂ ਤੋਂ ਬਾਅਦ ਸ੍ਰੀ ਅੰਮ੍ਰਿਤਸਰ ਦੀ ਲੋਕ ਸਭਾ ਸੀਟ ਤੋਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪੰਥਕ ਉਮੀਦਵਾਰ ਸ. ਈਮਾਨ ਸਿੰਘ ਮਾਨ ਦਾ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਜਥਾ ਸਿਰਲੱਥ ਖ਼ਾਲਸਾ ਦੇ ਮੁੱਖ ਜਥੇਦਾਰ ਭਾਈ ਦਿਲਬਾਗ ਸਿੰਘ ਸੁਲਤਾਨਵਿੰਡ (ਸਪੁੱਤਰ ਸ਼ਹੀਦ ਬਾਬਾ ਪਿਆਰਾ ਸਿੰਘ ਜੀ), ਭਾਈ ਭੁਪਿੰਦਰ ਸਿੰਘ ਛੇ ਜੂਨ ਅਤੇ ਵਾਰਿਸ ਪੰਜਾਬ ਦੇ ਸੀਨੀਅਰ ਆਗੂ ਭਾਈ ਹਰਮਨਦੀਪ ਸਿੰਘ ਪੂਰਨ ਸਮਰਥਨ ਕਰਦਿਆਂ ਸਿਰੋਪੇ ਅਤੇ ਦੁਸ਼ਾਲੇ ਪਾ ਕੇ ਸ਼ਾਨਦਾਰ ਸਨਮਾਨ ਕੀਤਾ। ਇਸ ਮੌਕੇ ਸ. ਈਮਾਨ ਸਿੰਘ ਮਾਨ, ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਭਾਈ ਦਿਲਬਾਗ ਸਿੰਘ ਸੁਲਤਾਨਵਿੰਡ, ਭਾਈ ਭੁਪਿੰਦਰ ਸਿੰਘ ਛੇ ਜੂਨ, ਭਾਈ ਹਰਮਨਦੀਪ ਸਿੰਘ, ਸ. ਉਪਕਾਰ ਸਿੰਘ ਸੰਧੂ ਨੇ ਕਿਹਾ ਕਿ ਕਾਂਗਰਸ ਨੇ ਸ੍ਰੀ ਦਰਬਾਰ ਸਾਹਿਬ ‘ਤੇ ਹਮਲਾ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ ਢੇਰੀ ਕੀਤਾ, ਸਿੱਖ ਨੌਜਵਾਨੀ ਦੇ ਝੂਠੇ ਪੁਲੀਸ ਮੁਕਾਬਲੇ ਬਣਾਏ। ਬਾਦਲਾਂ ਨੇ ਵੀ ਹਮੇਸ਼ਾ ਪੰਥ ਤੇ ਪੰਜਾਬ ਨਾਲ ਗ਼ੱਦਾਰੀ ਕੀਤੀ, ਇਹਨਾਂ ਦੇ ਰਾਜ ‘ਚ ਬਰਗਾੜੀ ਤੇ ਬਹਿਬਲ ਕਾਂਡ ਵਾਪਰੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਤੇ ਸਿੰਘਾਂ ਦੀਆਂ ਸ਼ਹੀਦੀਆਂ ਹੋਈਆਂ, ਸਿਰਸੇ ਵਾਲੇ ਨਾਲ ਯਾਰੀ ਨਿਭਾਈ। ਭਾਜਪਾ ਨੇ ਹਮੇਸ਼ਾ ਸਿੱਖਾਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਇਆ, ਸਿੱਖੀ ਦਾ ਹਿੰਦੂਕਰਨ ਕਰਨ ‘ਚ ਕੋਈ ਕਸਰ ਬਾਕੀ ਨਾ ਛੱਡੀ ਤੇ ਅੱਜ ਵੀ ਵਿਦੇਸ਼ਾਂ ਵਿੱਚ ਭਾਈ ਪਰਮਜੀਤ ਸਿੰਘ ਪੰਜਵੜ, ਭਾਈ ਹਰਦੀਪ ਸਿੰਘ ਨਿੱਝਰ, ਭਾਈ ਅਵਤਾਰ ਸਿੰਘ ਖੰਡਾ, ਭਾਈ ਸੰਦੀਪ ਸਿੰਘ ਦੀਪ ਸਿੱਧੂ ਦਾ ਕਤਲ ਕਰਵਾ ਚੁੱਕੀ ਹੈ। ਆਮ ਆਦਮੀ ਪਾਰਟੀ ਸਿਰਫਿਰਿਆਂ ਦੀ ਪਾਰਟੀ ਹੈ ਜੋ ਦਿੱਲੀ ਤੋਂ ਚੱਲਦੀ ਹੈ, ਇਹਨਾਂ ਨੇ ਭਾਈ ਅੰਮ੍ਰਿਤਪਾਲ ਸਿੰਘ ਤੇ ਹੋਰ ਸਿੱਖ ਨੌਜਵਾਨਾਂ ਤੇ ਐਨ.ਐਸ.ਏ. ਲਗਾ ਕੇ ਜ਼ੁਲਮੀ ਵਤੀਰਾ ਕੀਤਾ ਹੈ। ਪੰਥਕ ਆਗੂਆਂ ਨੇ ਕਿਹਾ ਕਿ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਸਰਦਾਰ ਇਮਾਨ ਸਿੰਘ ਮਾਨ ਅੰਮ੍ਰਿਤਸਰ ਤੋਂ ਚੋਣ ਲੜ ਰਹੇ ਹਨ ਉਹਨਾਂ ਦਾ ਸਾਥ ਦੇਣਾ ਸਾਡੇ ਸਾਰਿਆਂ ਦਾ ਫਰਜ਼ ਹੈ।

ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਅਤੇ ਕੌਮੀ ਯੋਧੇ ਭਾਈ ਸੰਦੀਪ ਸਿੰਘ ਦੀਪ ਸਿੱਧੂ ਦੇ ਵਾਰਸ ਸਰਦਾਰ ਇਮਾਨ ਸਿੰਘ ਮਾਨ ਦੇ ਹੱਕ ‘ਚ ਖੁੱਲ੍ਹ ਕੇ ਨਿੱਤਰਨ। ਇਸ ਮੌਕੇ ਜਨਰਲ ਸਕੱਤਰ ਸ. ਉਪਕਾਰ ਸਿੰਘ ਸੰਧੂ, ਅਮਰੀਕ ਸਿੰਘ ਨੰਗਲ ਜਥੇਬੰਦਕ ਸਕੱਤਰ ਮਾਝਾ ਜੋਨ, ਬਲਵਿੰਦਰ ਸਿੰਘ ਕਾਲਾ, ਸ਼ਮਸ਼ੇਰ ਸਿੰਘ ਪੱਧਰੀ ਜਿਲ੍ਹਾ ਪ੍ਰੈਸ ਸਕੱਤਰ, ਰਵੀਸ਼ੇਰ ਸਿੰਘ ਯੂਥ ਆਗੂ, ਸਿਮਰਨਜੀਤ ਸਿੰਘ, ਹਰਸਿਮਰਨਜੀਤ ਸਿੰਘ ਤੇ ਜਸਕਰਨ ਸਿੰਘ ਨੰਗਲ ਸਮੇਤ ਪਾਰਟੀ ਦੀ ਪ੍ਰਮੁੱਖ ਲੀਡਰਸ਼ਿਪ ਹਾਜ਼ਰ ਸੀ।


## GOLDEN STAR PAINTING

ਸਾਨੂੰ ਵਰਕਰਾਂ ਦੀ ਲੋੜ ਹੈ

ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ



Free Estimate


ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ

ਭੁਪਿੰਦਰ ਸਿੰਘ ਗਿੱਲ:604-897-5750


# ਧੰਨ ਧੰਨ ਬਾਬਾ ਭਗਤ ਦੂਨੀ ਚੰਦ ਜੀ

## ਮਹੀਆਂ ਵਾਲਾ ਕਲਾਂ (ਜ਼ੀਰਾ) ਵਾਲਿਆਂ ਦੀ 64ਵੀਂ ਸਲਾਨਾ ਬਰਸੀ 5 ਮਈ ਨੂੰ ਮਨਾਈ ਜਾ ਰਹੀ ਹੈ

**ਗੁਰੂ ਪਿਆਰੀ ਸਾਧ ਸੰਗਤ ਜੀਓ**
**ਵਾਹਿਗੁਰੂ ਜੀ ਕਾ ਖਾਲਸਾ।।**
**ਵਾਹਿਗੁਰੂ ਜੀ ਕੀ ਫਤਹਿ।।**




ਮਹਾਨ ਤਪੱਸਵੀ ਸੇਵਾ ਦੇ ਪੁੰਜ ਬਾਬਾ ਭਗਤ ਦੁਨੀ ਚੰਦ ਜੀ ਮਹੀਆਂ ਕਲਾਂ ਵਾਲਾ ਕਲਾਂ ਜ਼ੀਰਾ ਵਾਲਿਆਂ ਦੀ 64ਵੀਂ ਬਰਸੀ ਸਮੂਹ ਇਲਾਕਾ ਨਿਵਾਸੀਆਂ ਵੱਲੋਂ ਗੁਰਦੁਆਰਾ ਕਲਗੀਧਰ ਦਰਬਾਰ ਐਬਟਸਫੋਰਡ (30640 ਬਲਿਊਰਿਜ ਡਰਾਈਵ) ਵਿਖੇ ਸ਼ਰਧਾ ਅਤੇ ਪ੍ਰੇਮ ਸਹਿਤ ਮਨਾਈ ਜਾ ਰਹੀ ਹੈ। ਤਿੰਨੇ ਦਿਨ ਗੁਰੂਘਰ ਪਹੁੰਚ ਕੇ ਤਨ, ਮਨ, ਧਨ ਨਾਲ ਸੇਵਾ ਕਰ ਕੇ ਆਪਣਾ ਜੀਵਨ ਸਫਲਾ ਕਰੋ ਜੀ।

### ਸ੍ਰੀ ਅਖੰਡਪਾਠ ਸਾਹਿਬ ਜੀ ਦਾ ਪ੍ਰੋਗਰਾਮ

**ਆਰੰਭ ਸ੍ਰੀ ਅਖੰਡਪਾਠ ਸਾਹਿਬ 3 ਮਈ ਦਿਨ ਸ਼ੁਕਰਵਾਰ ਸਵੇਰੇ 10.00 ਵਜੇ**
**ਭੋਗ ਸ੍ਰੀ ਅਖੰਡਪਾਠ ਸਾਹਿਬ 5 ਮਈ ਦਿਨ ਦਿਨ ਐਤਵਾਰ ਸਵੇਰੇ 10.00 ਵਜੇ**
**ਤਿੰਨੇ ਦਿਨ ਗੁਰੂ ਕਾ ਲੰਗਰ ਅਟੁੱਟ ਵਰਤੇਗਾ**

**ਹੋਰ ਜਾਣਕਾਰੀ ਲਈ ਸੰਪਰਕ ਕਰੋ**
**604-807-3075, 604-832-1428, 604-208-9000**
**604-300-1300, 778-251-3183**

# ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

## 11267-125A St, Surrey, BC

### ਇਸ ਹਫਤੇ ਦੇ ਪ੍ਰੋਗਰਾਮ

*3 ਮਈ ਦਿਨ ਸ਼ੁੱਕਰਵਾਰ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿਚ ਹਾਲ ਨੰ:2 ਵਿਚ ਸਵੇਰੇ 10 ਵਜੇ ਅਖੰਡਪਾਠ ਸਾਹਿਬ ਆਰੰਭ ਹੋਣਗੇ ਜਿਸਦੀ ਸੇਵਾ ਦੀਪ ਟਾਇਰ ਕੰਪਨੀ ਦੇ ਪਰਿਵਾਰ ਵੱਲੋਂ ਹੋਵੇਗੀ।

*4 ਮਈ ਦਿਨ ਸ਼ਨਿਚਰਵਾਰ ਰਾਤ ਦੇ ਹਫਤਾਵਾਰੀ ਕਥਾ, ਕੀਰਤਨ ਸਮਾਗਮ ਸ਼ਾਮ 6 ਤੋਂ 8.30 ਵਜੇ ਤੱਕ ਹੋਣਗੇ।

*5 ਮਈ ਦਿਨ ਐਤਵਾਰ ਸਵੇਰੇ 9 ਵਜੇ ਅਖੰਡਪਾਠ ਸਾਹਿਬ ਦੇ ਭੋਗ ਪੈਣਗੇ, ਉਪਰੰਤ ਸਵੇਰੇ 10 ਵਜੇ ਤੋਂ ਦੁਪਹਿਰ 12.30 ਵਜੇ ਤੱਕ ਹਫਤਾਵਾਰੀ ਦੀਵਾਨ ਸਜਣਗੇ ਜਿਸ ਵਿਚ ਭਾਈ ਗੁਰਸ਼ਰਨ ਸਿੰਘ ਹਜੂਰੀ ਰਾਗੀ ਮਸਤੂਆਣਾ ਸਾਹਿਬ, ਸੰਤ ਬਾਬਾ ਭਗਵੰਤ ਸਿੰਘ (ਰਾੜਾ ਸਾਹਿਬ), ਸੰਤ ਬਾਬਾ ਜਗਜੀਤ ਸਿੰਘ (ਗੁਰਨੇ ਕਲਾਂ ਖਾਰੇ ਵਾਲੇ) ਸੇਵਕ ਜਥਾ ਦੀਵਾਨ ਸਜਾਉਣਗੇ।

ਤੁਸੀਂ ਇਥੇ ਖੁਸ਼ੀ, ਗ਼ਮੀ, ਵਿਆਹ ਸ਼ਾਦੀ ਲਈ ਬੁਕਿੰਗ ਕਰਵਾ ਸਕਦੇ ਹੋ ਜੀ। ਸੰਗਤ ਦੀ ਸੇਵਾ ਲਈ ਸਾਰੀ ਸਹੂਲਤ ਤਿਆਰ ਹੈ।

**ਧੰਨ ਧੰਨ ਬਾਬਾ ਦੀਪ ਸਿੰਘ ਜੀ**

**ਗੁਰੂ ਪਿਆਰੀ ਸਾਧ ਸੰਗਤ ਜੀਓ**

**ਗੁ: ਗੁਰਸਾਗਰ ਮਸਤੂਆਣਾ ਸਾਹਿਬ ਸਰੀ ਵਿਖੇ**


**ਮਿਤੀ 28 ਅਪ੍ਰੈਲ 2024 (ਐਤਵਾਰ) ਤੋਂ 8 ਜੂਨ 2024 ਤੱਕ**

**ਲਗਾਤਾਰ 40 ਦਿਨਾਂ ਲਈ**

**ਚੌਪਹਿਰਾ ਸਾਹਿਬ**

**ਰੋਜ਼ਾਨਾ ਦੁਪਿਹਰ 1 ਵਜੇ ਤੋਂ 4 ਵਜੇ ਤੱਕ**

**ਸ਼ੁਰੂ ਹੋ ਰਹੇ ਹਨ, ਵੱਧ ਤੋਂ ਵੱਧ ਸੰਗਤਾਂ ਹਾਜਰੀ ਭਰੋ ਜੀ**



**ਸ੍ਰੀ ਮਾਨ ਸੰਤ ਬਾਬਾ ਤੇਜਾ ਸਿੰਘ ਜੀ ਮਹਾਰਾਜ ਜੀ ਦੀ ਸਾਲਾਨਾ ਬਰਸੀ ਦੇ ਸਬੰਧ ਵਿਚ 9 ਜੂਨ 2024 ਤੋਂ 1 ਜੁਲਾਈ 2024 ਤੱਕ ਸ੍ਰੀ ਅਖੰਡਪਾਠ ਸਾਹਿਬ ਦੀ ਲੜੀ ਆਰੰਭ ਹੋਵੇਗੀ। ਅਖੰਡਪਾਠ ਸਾਹਿਬ ਦੀ ਸੇਵਾ ਲੈਣ ਲਈ ਗੁਰੂਘਰ ਨਾਲ ਸੰਪਰਕ ਕਰੋ ਜੀ।**

**ਰਾਗੀ ਜੱਥੇ**
ਹਜ਼ੂਰੀ ਰਾਗੀ ਜਥਾ ਭਾਈ ਪਰਮਿੰਦਰ ਸਿੰਘ ਜੀ ਗਾਲਿਬ
ਬਾਬਾ ਭਗਵੰਤ ਸਿੰਘ ਰਾੜਾ ਸਾਹਿਬ ਸੰਪਰਦਾ ਵਾਲੇ
ਭਾਈ ਗੁਰਸ਼ਰਨ ਸਿੰਘ ਜੀ (ਯੂ ਕੇ ਵਾਲੇ) ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ

**ਕਥਾਵਾਚਕ**
(ਜਪੁਜੀ ਸਾਹਿਬ ਦੀ ਲੜੀਵਾਰ ਕਥਾ)
ਬਾਬਾ ਜਗਜੀਤ ਸਿੰਘ ਜੀ (ਖਾਰੇ ਵਾਲੇ)
ਸੇਵਕ ਜੱਥਾ ਮਸਤੂਆਣਾ ਸਾਹਿਬ

**ਤਬਲਾ ਸਿੱਖਣ ਲਈ ਸੰਪਰਕ ਕਰੋ:**
**604-413-7171**

**ਗੁਰੂਘਰ ਵਿਖੇ ਤਬਲਾ, ਕੀਰਤਨ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਸ਼ੁਰੂ ਹਨ**

**ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ: ਗੁਰਦੁਆਰਾ ਸਾਹਿਬ:604-413-7171**
**ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007**

### ਰੋਜਾਨਾ ਦੇ ਪ੍ਰੋਗਰਾਮ

#### ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

#### ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਮੇਰੀ ਪਾਕਿਸਤਾਨ ਯਾਤਰਾ

(ਕਿਸ਼ਨ 5)

**ਬਲਵੰਤ ਸਿੰਘ ਸੰਘੇੜਾ**

ਇਸ ਯਾਤਰਾ ਦਾ ਇਕ ਜਰੂਰੀ ਹਿੱਸਾ ਸਾਡੇ ਲਈ ਲਾਹੌਰ ਸ਼ਹਿਰ ਵਿਖੇ ਵੱਖਰੇ ਵੱਖਰੇ ਇਤਿਹਾਸਿਕ ਸਥਾਨਾਂ ਦਾ ਟੂਰ ਕਰਨਾ ਸੀ।ਇਹ ਆਖਿਆ ਜਾਂਦਾ ਹੈ ਕਿ ਜੇ ਲਾਹੌਰ ਨਹੀਂ ਦੇਖਿਆ ਤਾਂ ਕੁਝ ਭੀ ਨਹੀਂ ਦੇਖਿਆ ।ਲਾਹੌਰ ਬਹੁਤ ਸੁੰਦਰ ਸ਼ਹਿਰ ਹੈ।ਕਰਾਚੀ ਤੋਂ ਬਾਅਦ ਇਹ ਪਾਕਿਸਤਾਨ ਦਾ ਸਭ ਤੋਂ ਵੱਡਾ ਦੂਸਰਾ ਸ਼ਹਿਰ ਅਤੇ ਦੁਨੀਆ ਦਾ 26ਵਾਂ ਸਭ ਤੋਂ ਵੱਡਾ ਸ਼ਹਿਰ ਹੈ।ਦੱਖਣੀ ਏਸ਼ੀਆ ਵਿਚ ਇਹ ਸ਼ਹਿਰ ਇਸਲਾਮ ਕਰਕੇ ਭੀ ਕਾਫੀ ਪ੍ਰਸਿੱਧ ਹੋਇਆ ਹੈ। ਇਸ 13 ਮਿਲੀਅਨ ਵਾਸੀਆਂ ਵਾਲੇ ਸ਼ਹਿਰ ਦਾ ਸੀਭਆਂਚਾਰ ਲਾਜਵਾਬ ਹੈ। ਇਸ ਪੱਖੋ 'ਇਸ ਨੂੰ ਪਾਕਿਸਤਾਨ ਦੇ ਸਭਿਆਚਾਰ ਦੀ ਰਾਜਧਾਨੀ ਭੀ ਕਿਹਾ ਜਾ ਸਕਦਾ ਹੈ। ਇਸ ਸ਼ਹਿਰ ਨੂੰ ਸਿੱਖ ਸਮਰਾਠ ਮਾਹਾਰਾਜਾ ਰਣਜੀਤ ਸਿੰਘ ਦੀ ਰਾਜਧਾਨੀ ਹੋਣ ਦਾ ਮਾਣ ਪ੍ਰਾਪਤ ਹੈ।ਲਾਹੌਰ ਦੇ ਦੋ ਪਹਿਲੂ ਹਨ- ਪੁਰਾਣਾ ਲਾਹੌਰ ਅਤੇ ਨਵਾਂ ਲਾਹੌਰ। ਪੁਰਾਣੇ ਲਾਹੌਰ ਵਿਚ ਸ਼ਾਹੀ ਕਿਲਾ, ਵੱਖਰੇ ਵੱਖਰੇ ਗੁਰਦਵਾਰੇ, ਪੁਰਾਣਾ ਰੇਲਵੇ ਸਟੇਸ਼ਨ, ਅਨਾਰਕਲੀ ਬਜਾਰ ਅਜਾਇਬ ਘਰ ਅਤੇ ਹੋਰ ਇਤਿਹਾਸਕ ਅਸ਼ਥਾਨ ਇਸ ਸ਼ਹਿਰ ਦੀ ਸ਼ਾਨ ਹਨ।ਮੁਗਲ ਬਾਦਸ਼ਾਹ ਲਾਹੌਰ ਸ਼ਹਿਰ ਨੂੰ ਬਾਗਾਂ ਦਾ ਸ਼ਹਿਰ ਕਹਿੰਦੇ ਸਨ।

ਨਵੇਂ ਲਾਹੌਰ ਵਿਚ ਭੀ ਬਹੁਤ ਕੁਝ ਦੇਖਣ ਵਾਲਾ ਹੈ।ਹਜਾਰਾਂ ਏਕੜਾਂ ਵਿਚ ਪੰਜਾਬ ਯੂਨੀਵਰਸਟੀ ਦਾ ਕੈਂਪੱਸ ਨਵੇਂ ਲਾਹੌਰ ਦੀ ਸ਼ਾਨ ਹੈ। ਇਸੇ ਤਰ੍ਹਾਂ ਕਾਫੀ ਸ਼ੌਪਿੰਗ ਸੈਂਟਰ, ਮਾਲ, ਹੋਟਲ ਅਤੇ ਹੋਰ ਵੱਖਰੇ ਵੱਖਰੇ ਅਦਾਰੇ ਇਸ ਸ਼ਹਿਰ ਦੀ ਰੌਣਕ ਨੂੰ ਚਾਰ ਚੰਨ ਲਾਉਂਦੇ ਹਨ।ਲਾਹੌਰ, ਪਾਕਿਸਤਾਨ ਦੇ ਸਭ ਤੋਂ ਵੱਡੇ ਅਤੇ ਸ਼ਕਤੀਸ਼ਾਲੀ ਸੂਬੇ ਪੰਜਾਬ ਦੀ ਰਜਧਾਨੀ ਭੀ ਹੇ। ਅਸੀਂ ਹਾਲੇ ਲਾਹੌਰ ਹੀ ਸੀ ਜਦੋਂ ਪੰਜਾਬ ਦੀ ਨਵੀਂ ਬਣੀ ਗੌਰਮੈਂਟ ਦੀ ਮੁਖ ਮੰਤਰੀ ਮਿਰੀਅਮ ਸ਼ਰੀਫ ਅਤੇ ਕੈਬਿਨਿਟ ਨੇ ਆਪਣਾ ਔਹਦਾ ਸੰਭਾਲਿਆ। ਇਕ ਤਾਂ ਇਹ ਸੀ ਕਿ ਪਹਿਲੀ ਵਾਰ ਪਾਕਿਸਤਾਨ ਦੀ ਗੌਰਮੈਂਟ ਵਿਚ ਇਕ ਸਿੱਖ ਨੂੰ ਮੰਤਰੀ ਬਣਾ ਦਿੱਤਾ ਗਿਆ। ਦੂਸਰਾ ਇਹ ਸੀ ਕਿ ਪਾਕਿਸਤਾਨੀ ਪੰਜਾਬ ਦੀ ਮੁੱਖ ਮੰਤਰੀ ਨੇ ਪੰਜਾਬ ਦੇ ਸਕੂਲਾਂ ਵਿਚ ਪੰਜਾਬੀ ਭਾਸ਼ਾ ਦੀਆਂ ਕਲਾਸਾਂ ਚਾਲੂ ਕਰਨ ਦਾ ਐਲਾਨ ਕੀਤਾ। ਪੰਜਾਬੀ ਭਾਈਚਾਰੇ ਲਈ ਇਹ ਦੋਨੋਂ ਖਬਰਾਂ ਬਹੁਤ ਮਹੱਤਵ ਪੂਰਨ ਹਨ।

ਇਥੇ ਸਾਨੂੰ ਵੱਖਰੇ ਵੱਖਰੇ ਲੋਕਾਂ ਨੂੰ ਮਿਲਣ ਦਾ ਮੌਕਾ ਮਿਲਿਆ। ਉਹਨਾਂ ਸਭ ਨੇ ਸਾਨੂੰ ਬਹੁਤ ਹੀ ਪਿਆਰ ਅਤੇ ਸਤਕਾਰ ਦਿੱਤਾ। ਲਾਹੌਰ ਵਿਚ ਘੁੰਮਦਿਆਂ ਸਾਨੂੰ ਇਵੇਂ ਮਹਿਸੂਸ ਹੋਇਆ ਜਿਵੇਂ ਅਸੀਂ ਭਾਰਤੀ ਪੰਜਾਬ ਦੇ ਸ਼ਹਿਰਾਂ ਜਲੰਧਰ ਜਾਂ ਲੁਧਿਆਨਾ ਵਿਚ ਫਿਰਦੇ ਹੋਈਏ।ਪੱਛਮੀਂ



ਦੇਸ਼ਾਂ ਵਾਂਗੂ ਥਾਹ ਥਾਂਹ ਮਕਡੋਨਲਡ ਅਤੇ ਸਬਵੇਅ ਵਰਗੇ ਫਾਸਟ ਫੂਡ ਆਊਟਲੈਟ ਸਨ।ਚੰਗੇ ਹੋਟਲਾਂ ਦਾ ਭੀ ਸਾਰੇ ਸ਼ਹਿਰ ਵਿਚ ਜਾਲ ਵਿਛਿਆ ਹੋਇਆ ਹੈ।ਸ਼ਹਿਰਾਂ ਦੇ ਮੁਕਾਬਲੇ ਪਾਕਿਸਤਾਨੀ ਪੰਜਾਬ ਦੇ ਪਿੰਡਾਂ ਦੀ ਹਾਲਤ ਹਾਲੇ ਕਾਫੀ ਸੁਧਾਰਨ ਵਾਲੀ ਹੈ। ਪਿੰਡਾਂ ਵਿਚ ਸਹੂਲਤਾਂ ਭੀ ਕਾਫੀ ਘੱਟ ਹਨ। ਭਾਰਤੀ ਪੰਜਾਬ ਨਾਲੋਂ ਪਾਕਿਸਤਾਨੀ ਪੰਜਾਬ ਦੇ ਪਿੰਡਾਂ ਵਿਚ ਫਸਲਾਂ ਭੀ ਘੱਟ ਪ੍ਰਫੁਲੱਤ ਸਨ। ਇਸ ਸਭ ਦੇ ਬਾਵਜੂਦ ਲੋਕਾਂ ਦਾ ਪਿਆਰ ਬੇਮਿਸਾਲ ਸੀ। ਭਾਵੇਂ ਅਸੀਂ ਗੁਰੂ ਘਰਾਂ ਵਿਚ ਨਤਮਸਤਕ ਹੋਣ ਲਈ ਗਏ ਜਾਂ ਬਜਾਰਾਂ ਵਿਚ ਘੁੰਮਣ ਫਿਰਨ ਲਈ ਗਏ ਹਰ ਇਕ ਨੇ ਸਾਨੂੰ ਬਹੁਤ ਹੀ ਪਿਆਰ ਅਤੇ ਸਤਿਕਾਰ ਦਿੱਤਾ। ਇਸ ਲਈ ਅਸ਼ੀਂ ਉਹਨਾਂ ਸਭ ਪਾਕਿਸਤਾਨੀ ਵੀਰਾਂ ਅਤੇ ਭੇਣਾਂ ਦੇ ਬਹੁਤ ਧੰਨਵਾਦੀ ਹਾਂ।

ਹੁਣ ਸਾਡੇ ਵਾਪਸ ਭਾਰਤੀ ਪੰਜਾਬ ਨੂੰ ਮੁੜਨ ਦਾ ਸਮਾਂ ਆ ਗਿਆ ਸੀ। ਸਭ ਨੂੰ ਅਲਵਿਦਾ ਕਹਿ ਕੇ ਅਤੇ ਮਿੱਠੀਆਂ ਯਾਦਾਂ ਨਾਲ ਲੈ ਕੇ ਅਸੀਂ ਵਾਹਗਾ ਬੋਰਡਰ ਨੂੰ ਚਲ ਪਏ। ਪਾਕਿਸਤਾਨੀ ਅਤੇ ਭਾਰਤੀ ਇੰਮੀਗਰੇਸ਼ਨ ਕਰਵਾ ਕੇ ਅਸੀਂ ਆਪਣੇ ਪਿੰਡ ਫਰਵਾਲੇ ਵਲ ਨੂੰ ਚਲ ਪਏ। ਰਾਹ ਵਿਚ ਦੋ ਕੁ ਥਾਵਾਂ ਤੇ ਖਾਣੇ ਅਤੇ ਚਾਹ ਪਾਣੀ ਲਈ ਰੁਕਣ ਤੋਂ ਬਾਅਦ ਅਸੀਂ ਰਾਤ ਨੂੰ ਆਪਣੇ ਪਿੰਡ ਪਹੁੰਚ ਗਏ। ਸਾਡੇ ਘਰ ਵਾਲੇ ਸਾਡਾ

ਇੰਤਜਾਰ ਕਰ ਰਹੇ ਸਨ। ਉਹ ਸਭ ਸਾਡੇ ਕੋਲੋਂ ਸਾਡੀ ਪਾਕਿਸਤਾਨ ਦੀ ਯਾਤਰਾ ਵਾਰੇ ਸੁਨਣ ਲਈ ਕਾਹਲੇ ਸਨ। ਇਕ ਹਫਤੇ ਤੱਕ ਸਾਡਾ ਵਾਪਸ ਕੈਨੇਡਾ ਮੁੜਨ ਦਾ ਸਮਾਂ ਸੀ। ਇਹ ਕੁਝ ਦਿਨ ਵਿਚ ਸਾਡੇ ਲਈ ਆਪਣੇ ਕੁਝ ਦੋਸਤਾਂ ਅਤੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਕਾਫੀ ਸਨ।ਇਹ ਸਾਰੀਆਂ ਮਿੱਠੀਆਂ ਯਾਦਾਂ ਲੈ ਕੇ ਅਸੀਂ ਵਾਪਸ ਕੈਨੇਡਾ ਆ ਗਏ। ਇਹ ਸਫਰ ਸਾਡੇ ਲਈ ਬਹੁਤ ਹੀ ਯਾਦਗਾਰੀ ਬਣ ਗਿਆ ਹੈ।


SUPER SANDHU

ਕਲਾਸ 4 ਡਰਾਈਵਰਾਂ ਦੀ ਲੋੜ

ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।

ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711


# 'ਹਕੀਕਤ'

## ਮਨੁੱਖੀ ਜੀਵਨ ਦੀ ਆਖ਼ਰੀ ਪੀੜ੍ਹੀ ਖਤਮ ਹੋਣ ਵਾਲੀ ਹੈ,ਜਿਨ੍ਹਾਂ ਨੇ ਆਪਣੇ ਬਜ਼ੁਰਗਾਂ ਦੀ ਵੀ ਸੁਣੀ ਹੈ ਤੇ ਹੁਣ ਔਲਾਦ ਦੀ ਵੀ ਸੁਣ ਰਹੀ ਹੈ?






ਕੋਈ ਸੱਤਰ ਅੱਸੀ ਸਾਲ ਦੀ ਉਮਰ ਵਾਲੇ ਮਨੁੱਖ ਇਸ ਸੰਸਾਰ ਦੀ ਓਹ ਆਖ਼ਰੀ ਪੀੜ੍ਹੀ ਹੈ,ਜਿਨ੍ਹਾਂ ਨੇ ਆਪਣੇ ਜਿਉਂਦੇ ਜੀਅ ਆਪਣੇ ਮਾਂ ਬਾਪ ਭਾਵ ਪੁਰਖਿਆਂ ਦੀਆਂ ਗੱਲਾਂ ਭਾਵੇਂ ਉਹ ਓਹਨਾਂ ਦੀ ਜ਼ਿੰਦਗੀ ਨੂੰ ਸਧਾਰਨ ਤੇ ਸੁਖਾਲਾ ਬਣਾਉਣ ਲਈ ਸਨ ਤੇ ਜਾਂ ਫਿਰ ਝਿੜਕਾਂ ਦੇ ਰੂਪ ਵਿੱਚ ਸਨ ਸੁਣਦੇ ਰਹੇ ਹਨ ਤੇ ਹੁਣ ਅਜੋਕੀ ਆਪਣੀ ਔਲਾਦ ਦੀਆਂ ਵੀ ਸੁਣ ਰਹੇ ਹਨ,ਜੋ ਕਰੀਬ ਕਰੀਬ ਅੱਸੀ ਨੱਬੇ ਫੀਸਦੀ ਵਿਗੜੀ ਹੋਈ ਹੈ ਜਾਂ ਮਾਂ ਬਾਪ ਦੇ ਕਹਿਣੇ ਤੋਂ ਬਾਹਰ ਹੈ ਤੇ ਧੌਂਸ ਨਾਲ ਆਪਣੀ ਅਗਾਂਹਵਧੂ ਸੋਚ ਜਾਂ ਇੰਟਰਨੈੱਟ ਯੁੱਗ ਦੇ ਕਾਰਨਾਂ ਦਾ ਹਵਾਲਾ ਦੇ ਕੇ ਜ਼ਬਰਦਸਤੀ ਆਪਣੀ ਗੱਲ ਅਜੋਕੇ ਮਾ ਬਾਪ ਨੂੰ ਮਨਵਾਉਣ ਵਿੱਚ ਸਫ਼ਲ ਹੋ ਰਹੀ ਹੈ । ਬੇਸ਼ੱਕ ਦਸ ਕੁ ਫੀਸਦੀ ਅਲਾਦ ਹਾਲੇ ਚੰਗੀ ਹੈ ਤੇ ਮਾਤਾ ਪਿਤਾ ਦੇ ਪਦਚਿੰਨ੍ਹਾਂ ਤੇ ਚਲਦੀ ਵੀ ਹੈ,ਪਰ ਇਹ ਗਿਣਤੀ ਇਸ ਤੋਂ ਵੀ ਘੱਟ ਹੋ ਸਕਦੀ ਹੈ ਜੋ ਇਸ ਸਮੇਂ ਸੱਤਰ ਅੱਸੀ ਸਾਲ ਦੀ ਉਮਰ ਵਾਲੇ ਲੋਕ ਨੇ ਓਹ ਰਾਤੀਂ ਲੇਟ ਸੌਂ ਕੇ ਸਵੇਰੇ ਜਲਦੀ ਜਾਗਣ ਵਾਲੇ, ਵਾਹਿਗੁਰੂ ਦਾ ਜਾਪ ਕਰਨ ਭਾਵ ਗੁਰਦੁਆਰਾ ਮੰਦਰ ਮਸਜਿਦ ਮਸੀਤ ਜਾਣ ਵਾਲੇ ਹਰ ਇੱਕ ਦੇ ਦੁੱਖ ਸੁੱਖ ਵਿੱਚ ਕੰਮ ਆਉਣ ਵਾਲੇ ਰਾਹੇ ਬਗਾਹੇ ਰਾਮ ਰਾਮ ਸਤਿ ਸ੍ਰੀ ਆਕਾਲ ਬਲਾਉਣ ਵਾਲੇ ਪਿਆਰ ਮੁਹੱਬਤ ਸਤਿਕਾਰ ਦੇਣ ਵਾਲੇ,ਟਹਿਲ ਕਦਮੀ

ਕਰਦਿਆਂ ਮੋਰ ਕਰਨ ਵਾਲੇ, ਟੁੱਟੀਆਂ ਚੱਪਲਾਂ ਨਾਲ ਘੁੰਮਣ ਫਿਰਨ ਵਾਲੇ, ਬਿਨਾਂ ਪੇਸ ਕੀਤੇ ਕੱਪੜੇ ਪਾਉਣ ਵਾਲੇ, ਸਾਈਕਲ ਤੇ ਘੁੰਮਣ ਵਾਲੇ ਖੇਤੀਂ ਗੇੜਾ ਮਾਰਨ ਵਾਲੇ ਰਾਤ ਵੇਲੇ ਮੋਟਰ ਤੇ ਸਾਉਣ ਵਾਲੇ, ਮੱਸਿਆ ਪੁੰਨਿਆਂ ਸੰਗਰਾਂਦ ਦਾ ਖਿਆਲ ਰੱਖਣ ਵਾਲੇ ਤੇ ਘਰ ਵਿੱਚ ਨਵੇਂ ਸਾਲ ਦੀ ਜੰਤਰੀ ਲਿਆ ਕੇ ਤਿੱਥ ਵਾਰ ਤਿਉਹਾਰ ਦਾ ਪਤਾ ਰੱਖਣ ਵਾਲੇ ਜੰਮਣ ਮਰਨ ਦੀਆਂ ਤਰੀਕਾਂ ਯਾਦ ਰੱਖਣ ਵਾਲੇ, ਕੁੱਝ ਕੁੱਝ ਨਜਰ ਉਤਾਰਣ ਦੀਆਂ ਗੱਲਾਂ ਤੇ ਵਿਸ਼ਵਾਸ ਰੱਖਣ ਵਾਲੇ, ਅਖ਼ਬਾਰ ਪੜ੍ਹਨ ਵਾਲੇ ਘਰ ਵਿੱਚ ਆਪ ਪੀਹ ਕੇ ਮਸਾਲਾ ਵਰਤਣ ਵਾਲੇ ਦਿਨ ਵਿੱਚ ਪੰਜ ਸੱਤ ਵਾਰ ਚਾਹ ਪੀਣ ਵਾਲੇ ਘਰ ਆਏ ਮੰਗਤੇ ਨੂੰ ਖੋਰ ਪਾਉਣ ਵਾਲੇ, ਪਿੰਡ ਵਿੱਚ ਆਏ ਢੇਰੀ ਵਾਲੇ ਤੇ ਸਬਜੀ ਲੈਣ ਵਾਲੇ, ਰੋਜ਼ਾਨਾ ਡਾਇਰੀ ਵਿੱਚ ਘਰ ਦੇ ਖਰਚੇ ਦਾ ਹਿਸਾਬ ਕਿਤਾਬ ਰੱਖਣ ਵਾਲੇ, ਰਮਈ ਦੀ ਅਲਮਾਰੀ ਵਿੱਚ ਚਾਬੀ ਤੇ ਪੈਸੇ

ਰੱਖਣ ਵਾਲੇ, ਸੋਸ਼ਲ ਮੀਡੀਆ ਤੋਂ ਕੋਹਾਂ ਦੂਰ ਰਹਿਣ ਵਾਲੇ,ਸੰਤੋਖੀ ਤੇ ਸਾਦਗੀ ਵਾਲਾ ਜੀਵਨ ਬਤੀਤ ਕਰਨ ਵਾਲੇ, ਮਿਲਾਵਟ ਤੇ ਹਲਾਵਟ ਤੋਂ ਦੂਰ ਰਹਿਣ ਵਾਲੇ, ਧਰਮ ਦੇ ਰਸਤੇ ਤੇ ਚੱਲਣ ਵਾਲੇ ਸੱਭ ਨੂੰ ਆਪਣਾ ਸਮਝਣ ਤੇ ਸ਼ੱਕਰ ਕਰਨ ਵਾਲੇ, ਹੱਥੀਂ ਕਿਰਤ ਕਰਨ ਨੂੰ ਪਹਿਲ ਦੇਣ ਵਾਲੇ ਲੋਕ ਕਈ ਦਸ ਕੁ ਸਾਲਾਂ ਬਾਅਦ ਖ਼ਤਮ ਹੋਣ ਵਾਲੇ ਹਨ ਜੇਕਰ ਤੁਹਾਡੇ ਕੋਲ ਭਾਵ ਘਰ ਵਿੱਚ ਕੋਈ ਐਸ ਬਜ਼ੁਰਗ ਹੋਨ ਤਾਂ ਓਹਨਾਂ ਦੇ ਪਦਚਿੰਨ੍ਹਾਂ ਤੇ ਚੱਲਣ ਦੀ ਕੋਸ਼ਿਸ਼ ਕਰੋ ਤੇ ਓਹਨਾਂ ਦੇ ਜ਼ਿੰਦਗੀ ਦੇ ਤਜਰਬਿਆਂ ਤੋਂ ਕੁੱਝ ਗ੍ਰਹਿਣ ਕਰਨ ਦੀ ਕੋਸ਼ਿਸ਼ ਕਰੀਏ ਤਾਂ ਕਿ ਉਸ ਸਿੱਖੇ ਹੋਏ ਗੁਣਾਂ ਚੋਂ ਕੁੱਝ ਕੁ ਗੁਣ ਆਪਾਂ ਆਪਣੀ ਨਵੀਂ ਪੀੜ੍ਹੀ ਵਿੱਚ ਕਰ ਸਕੀਏ ਜਿਸ ਨਾਲ ਓਹਨਾਂ ਦਾ ਭਵਿੱਖ ਕੁੱਝ ਉੱਜਲ ਹੋ ਸਕੇ ਤੇ ਓਹਨਾਂ ਚੋਂ ਵੀ ਆਪਣੇ ਪੁਰਖਿਆਂ ਦੀ ਝਲਕ ਪੈਂਦੀ ਰਹੇ।

(ਅੱਗੇ ਆਉਣ ਵਾਲੀਆਂ ਪੀੜ੍ਹੀਆਂ ਵਿੱਚੋਂ ਇਹ ਉਪਰੋਕਤ ਲਿਖੇ ਹੋਏ ਗੁਣ ਨਹੀਂ ਲੱਭਦੇ ਇਹ ਹਾਲਾਤ ਤੇ ਆਸਾਰ ਤੋਂ ਬਿਲਕੁਲ ਸਪੱਸ਼ਟ ਹੈ।ਵੈਸੇ ਇਹ ਕਾਰਜ ਅਤਿਅੰਤ ਅੱਖਾ ਹੈ ਜੇਕਰ ਕੋਈ ਇਨਸਾਨ ਇਸ ਤੇ ਪਹਿਰਾ ਦੇ ਕੇ ਆਪਣੀ ਔਲਾਦ ਵਿੱਚ ਇਹ ਗੁਣ ਭਰ ਸਕੇ ਤਾਂ ਉਸ ਨੂੰ ਸਤਿਯੁਗੀ ਪੁਰਸ਼ ਕਿਹਾ ਜਾ ਸਕਦਾ ਹੈ।

ਅਗਾਂਹ ਐਸੇ ਖ਼ਤਰਨਾਕ ਸਮੇਂ ਆ ਰਹੇ ਹਨ ਜੋ ਕਿ ਆਪਾਂ ਸੱਤਰ ਅੱਸੀ ਸਾਲ ਉਮਰ ਵਾਲਿਆਂ ਨੇ ਕਦੇ ਜ਼ਿੰਦਗੀ ਵਿੱਚ ਸੋਚੇ ਤੱਕ ਵੀ ਨਹੀਂ ਹੋਣੇ ਇਹ ਉਸ ਅਕਾਲਪੁਰਖ ਦੇ ਵੱਲੋਂ ਹੀ ਕੋਈ ਬਦਲਾਅ ਦੇ ਆਸਾਰ ਹਨ ਜੋ ਕਿ ਆਪਾਂ ਕੁੱਝ ਕੁ ਤਾਂ ਵੇਖੀ ਵੀ ਜਾ ਰਹੇ ਹਾਂ, ਮਾਂ ਬਾਪ ਨੂੰ ਜਿਉਂਦੇ ਜੀਅ ਸੰਭਾਲਣ ਤੋਂ ਪਾਸਾ ਵੱਟ ਕੇ ਬਿਰਧ ਆਸ਼ਰਮ ਵਿੱਚ ਛੱਡਣਾ, ਛੁੱਟੀਆਂ ਛੋਟੀਆਂ ਬੱਚੀਆਂ ਨਾਲ ਬਲਾਤਕਾਰ ਹੋਣੇ,ਭਾਈ ਨੂੰ ਭਾਈ ਨੇ ਮੌਤ ਦੇ ਘਾਟ ਉਤਾਰਨ, ਔਰਤਾਂ ਨੂੰ ਨਿਰਵਸਤਰ ਕਰਕੇ ਘੁਮਾਉਣਾ, ਇਨਸਾਨੀਅਤ ਤੋਂ ਗਿਰੇ ਹੋਏ ਇਹੋ ਜਿਹੇ ਹੋਰ ਵੀ ਕਾਰਜ ਜੀਹਨੂੰ ਲਿਖਣ ਲੱਗਿਆਂ ਹੀ ਸ਼ਰਮ ਮਹਿਸੂਸ ਹੁੰਦੀ ਹੈ,ਪੈਸੇ ਦੀ ਦੌੜ,ਘਟੀਆ ਵਰਤਾਰੇ ਨਾਲ ਬਾਹਰ ਦਾ ਰੁਝਾਨ ਇਹ ਕੁੱਝ ਕੁ ਉਦਾਹਰਣਾਂ ਹਨ ਅਤੇ ਅੱਗੇ ਅੱਗੇ ਇਸ ਤੋਂ ਵੀ ਮਾੜੇ ਸਮੇਂ ਆ ਰਹੇ ਹਨ ਜੋ ਕਿ ਆਪਾਂ ਨਹੀਂ ਵੇਖ ਸਕਦੇ। ਵਾਹਿਗੁਰੂ ਭਲੀ ਕਰੇ ਆਪਾਂ ਸਿਰਫ਼ ਦੁਆ ਕਰ ਸਕਦੇ ਹਾਂ।


ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ

CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING

*Services provided by Registered Canadian Immigration Consultant

* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097
By Appointment Only
#202-12677-80AVE SURREY

# ਭਾਖੜਾ ਨਹਿਰ ‘ਚ ਰੁੜਿਆ 92 ਕਰੋੜ ਦਾ ਸੋਲਰ ਪ੍ਰਾਜੈਕਟ, 18 ਮਾਰਚ ਨੂੰ ਹੋਇਆ ਸੀ ਸ਼ੁਰੂ

ਨੰਗਲ:- ਭਾਖੜਾ ਡੈਮ ਤੋਂ ਛੱਡੇ ਪਾਣੀ ਨੇ ਕਹਿਰ ਮਚਾ ਕੇ ਰੱਖ ਦਿੱਤਾ ਹੈ। ਦਰਿਆ ਵਿਚ 92 ਕਰੋੜ ਦਾ ਪ੍ਰਾਜੈਕਟ ਰੁੜ੍ਹ ਚੁੱਕਿਆ ਹੈ। ਅਧਿਕਾਰੀਆਂ ਨੂੰ ਹੱਥਾਂ-ਪੈਰਾਂ ਦੀ ਪੈ ਚੁੱਕੀ ਹੈ। ਸਾਮਾਨ ਬਚਾਉਣ ਲਈ ਕਰਮਚਾਰੀ ਲੱਗ ਚੁੱਕੇ ਹਨ। ਦੱਸ ਦੇਈਏ ਕਿ ਭਾਖੜਾ ਡੈਮ ਦੀ ਡਾਊਨ ਸਟਰੀਮ ਪਿੰਡ ਨਹਿਲਾ ਦੇ ਕੋਲ ਸਤਲੁਜ ਦਰਿਆ ਦੇ ਵਿੱਚ ਕੇਂਦਰ ਸਰਕਾਰ ਦੁਆਰਾ ਲਗਭਗ 92 ਕਰੋੜ ਰੁਪਏ ਦੀ ਲਾਗਤ ਦੇ ਨਾਲ ਸੋਲਰ ਪ੍ਰੋਜੈਕਟ ਲਗਾਇਆ ਗਿਆ ਸੀ।ਇਸ ਪ੍ਰਾਜੈਕਟ ਨੇ ਇੱਕ ਸਾਲ ਵਿੱਚ 22 ਲੱਖ ਮਿਲੀਅਨ ਯੂਨਿਟ ਬਿਜਲੀ ਪੈਦਾ ਕਰਨੀ ਸੀ ਤੇ ਇਸ ਪ੍ਰਾਜੈਕਟ ਨਾਲ ਪੰਜਾਬ , ਹਰਿਆਣਾ , ਰਾਜਸਥਾਨ , ਹਿਮਾਚਲ ਨੂੰ 3.26 ਰੁਪਏ ਪ੍ਰਤੀ ਯੂਨਿਟ ਹਿਸਾਬ ਨਾਲ ਲੱਗਭਗ 25 ਸਾਲ ਤੱਕ ਸਸਤੀ ਬਿਜਲੀ ਮਿਲਣੀ ਸੀ । ਇਹ ਪ੍ਰਾਜੈਕਟ ਅਜੇ 18 ਮਾਰਚ ਨੂੰ ਹੀ ਸ਼ੁਰੂ ਕੀਤਾ ਗਿਆ ਸੀ ਪਰ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੁਆਰਾ ਭਾਖੜਾ ਡੈਮ ਤੋਂ ਸਤਲੁਜ ਦਰਿਆ ਵਿੱਚ ਪਾਣੀ ਛੱਡੇ ਜਾਣ ਤੋਂ ਬਾਅਦ ਇਹ ਪ੍ਰੋਜੈਕਟ ਪਾਣੀ ਦੀ ਮਾਰ ਨਾ ਝੱਲ ਸਕਿਆ ਤੇ ਇਹ ਪ੍ਰਾਜੈਕਟ ਪੂਰੀ ਤਰ੍ਹਾਂ ਤੋਂ ਢੇਰੀ ਹੋ ਗਿਆ। ਇਹ ਪ੍ਰਾਜੈਕਟ ਐਸ ਵੀ ਜੇ ਐਨ ਕੰਪਨੀ ਦੁਆਰਾ ਲਗਾਇਆ ਗਿਆ ਸੀ ਤੇ ਭਾਖੜਾ ਡੈਮ ਤੋਂ ਛੱਡੇ ਗਏ ਪਾਣੀ ਨਾਲ ਇਸ ਪ੍ਰਾਜੈਕਟ ਦਾ ਕਿੰਨਾ ਕੁ ਨੁਕਸਾਨ ਹੋਇਆ ਹੈ, ਇਸ ਬਾਰੇ ਅਜੇ ਕੁਝ ਸਪੱਸ਼ਟ ਨਹੀਂ ਕਿਹਾ ਜਾ ਸਕਦਾ ਹੈ।


ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ




ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL
Lucky: 604-614-5365
Unit 15 - 8388 128 St., Surrey

ਮਨ ਮਨੁੱਖ ਦੀ ਕੁੰਜੀ ਹੈ — Mind is the key to the man.
NATURAL HOMEOPATHIC SOLUTIONS
Homeopathic Natural Products And Consultations

• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more

We Have Effective New Medicines Based On Latest Research For The Cure Of:
- Allergy Conditions
- Colitis
- De-addiction
- Migraine
- Sexual Problems
- Arthritis
- Stress Anxiety
- All Auto-Immune Diseases



"Homeopath R S Saini receiving International Award"
Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.
ਹੋਮਿਓਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ

For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

TMG LOGISTICS INC.

Need Owner Operators

NOW HIRING

*Vancouver to California *California to Alberta Back Vancouver
*Vancouver to East USA Return

Good Paying Loads



Need Company Drivers
Single Driver Pay 52cents/mile
Team Drivers 32 cents/mile

FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2

# ਤਵਾਰੀਖ਼ ਬੱਬਰ ਖ਼ਾਲਸਾ ਭਾਗ ਤੀਜਾ ਕੈਨੇਡਾ ਵਿੱਚ ਰਿਲੀਜ਼



ਸਰੀ (ਰਿਪੋਰਟ-ਗੁਰਮੀਤ ਸਿੰਘ ਤੂਰ)-ਸ. ਕਰਮਜੀਤ ਸਿੰਘ ਸਿੱਖਾਂਵਾਲਾ ਵੱਲੋਂ ਲਿਖੀ ਗਈ ਅਤੇ ਭਾਈ ਕੰਵਰਜੀਤ ਸਿੰਘ ਵਾਸ਼ਿੰਗਟਨ ਵੱਲੋਂ ਸੰਪਾਦਕ ਕੀਤੀ ਗਈ ਕਿਤਾਬ ਤਵਾਰੀਖ਼ ਬੱਬਰ ਖਾਲਸਾ ਭਾਗ ਤੀਜਾ ਬੀਤੇ ਦਿਨੀਂ ਸ਼ਹੀਦੀ ਅਸਥਾਨ ਜਥੇਦਾਰ ਹਰਦੀਪ ਸਿੰਘ ਨਿੱਝਰ, ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਵਿਖੇ ਰਿਲੀਜ਼ ਕੀਤੀ ਗਈ, ਜਿਸ ਵਿੱਚ ਗੁਰੂ ਘਰ ਦੇ ਮੁੱਖ ਗ੍ਰੰਥੀ ਸਾਹਿਬਾਨ ਅਤੇ ਪ੍ਰਬੰਧਕ ਸੇਵਾਦਾਰ, ਜਥੇਦਾਰ ਅਜੈਬ ਸਿੰਘ ਬਾਗੜੀ ਅਤੇ ਜਥੇਦਾਰ ਸੰਤੋਖ ਸਿੰਘ ਖੇਲਾ ਮੌਂਟਰੀਅਲ ਵਾਲੇ ਅਤੇ ਭਾਈ ਗੁਰਦੇਵ ਸਿੰਘ ਮਿਸ਼ੀਗਨ (ਟੀਵੀ 84 ) ਅਮਰੀਕਾ , ਬੀਬੀ ਜਸਮੀਤ ਕੌਰ ਛੀਨਾ ਧਰਮ ਪਤਨੀ ਸ਼ਹੀਦ ਜਥੇਦਾਰ ਸਤਨਾਮ ਸਿੰਘ ਛੀਨਾ, ਭਾਈ ਸੁਨੀਲ ਕੁਮਾਰ ਅਤੇ ਭਾਈ ਕਮਲਜੀਤ ਸਿੰਘ ਆਦਿ ਪੰਥ ਦਰਦੀ ਗੁਰਸਿੱਖਾਂ ਵੱਲੋਂ ਮੇਨ ਹਾਲ ਵਿੱਚ ਗੁਰੂ ਮਹਾਰਾਜ ਜੀ ਦੀ ਪਾਵਨ ਹਜ਼ੂਰੀ ਵਿੱਚ ਜੈਕਾਰਿਆਂ ਦੀ ਗੂੰਜ ਨਾਲ ਜਾਰੀ ਕੀਤੀ ਗਈ।

ਕੌਮੀ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ, ਜਥੇਦਾਰ ਜਗਤਾਰ ਸਿੰਘ ਤਾਰਾ ਅਤੇ ਦੇਸ਼ ਵਿਦੇਸ਼ ਦੀਆਂ ਨਾਮਵਰ ਪੰਥਕ ਸ਼ਖਸ਼ੀਅਤਾਂ ਵੱਲੋਂ ਦੋ ਹਰਫੀ ਵੱਡਮੁੱਲੀ ਸ਼ਬਦਾਵਲੀ ਲਿਖੀ ਗਈ ਹੈ। ਜਿੱਥੇ ਇਹ ਵੱਡ ਅਕਾਰੀ ਪੁਸਤਕ ਵਿੱਚ ਪੰਜਾਬ ਦੀ ਧਰਤੀ ਤੇ ਵੱਸਦੇ ਸਮੂਹ ਦੇ ਹੱਕਾਂ ਲਈ ਅਤੇ ਸਰਬੱਤ ਦੇ ਭਲੇ ਦਾ ਖਾਲਸਾ ਰਾਜ ਖਾਲਿਸਤਾਨ ਦੀ ਕਾਇਮੀ ਲਈ ਆਪਣੀਆਂ ਜਾਨਾਂ ਨਿਸ਼ਾਵਰ ਕਰਨ ਵਾਲੇ ਯੋਧਿਆਂ ਦੀ ਗਾਥਾ ਬਹੁਤ ਹੀ ਤੱਥਾਂ ਅਧਾਰਤ ਜਾਣਕਾਰੀ ਨਾਲ ਲਿਖੀ ਗਈ ਹੈ ਉੱਥੇ ਇਹ ਕਿਤਾਬ ਉਹਨਾਂ ਅਣਖੀ ਯੋਧਿਆਂ ਨੂੰ ਜਿਹਨਾਂ ਨੇ ਸਿੱਖ ਕੌਮ ਦੀ ਆਜ਼ਾਦੀ ਲਈ ਧਰਮ ਦੀਆਂ ਲੀਹਾਂ ਤੇ ਚੱਲਦਿਆਂ ਕੱਟੜਪੰਥੀ ਹਿੰਦੂ ਰਜੀਮ ਨਾਲ ਟੱਕਰ ਲਈ ਅਤੇ ਸੰਘਰਸ਼ ਕਰਦਿਆਂ ਦੌਰਾਨ ਪੁਲਿਸ ਹੱਥ ਲੱਗਣ ਉਪਰੰਤ ਅਨੇਕਾਂ ਤਸੀਹੇ ਝੱਲੇ ਬੰਦ ਬੰਦ ਕਟਵਾਏ ਪਰਿਵਾਰ ਤੇ ਘਰ ਬਾਰ ਸਭ ਕੁਝ ਲੁਟਾ ਦਿੱਤਾ ਤੇ ਇੱਕ ਵਾਰ ਘਰੋਂ ਗਏ ਕਦੇ ਵੀ ਵਾਪਿਸ ਨਾ ਪਰਤੇ ਅਤੇ ਆਪਣੇ ਮੁੱਖ ਸ੍ਰੀ ਆਨੰਦ ਪੁਰ ਸਾਹਿਬ ਵੱਲ ਨੂੰ ਰੱਖੇ ਅਤੇ ਹੱਸ ਹੱਸ ਕੇ ਸ਼ਹੀਦੀਆਂ ਪਾ ਗਏ ਅਤੇ ਰਹਿੰਦੇ ਕਾਰਜ ਨੂੰ ਸਾਡੇ ਜਿੰਮੇ ਲਾ ਗਏ ਇਹ ਕਿਤਾਬ ਉਹਨਾਂ ਅਣਖੀ ਵੀਰਾਂ ਨੂੰ ਸਮਰਪਿਤ ਕੀਤੀ ਗਈ ਹੈ।

## ਮੁਕਾਬਲੇ ’ਚ ਫ਼ੋਰਸਾਂ ਨੇ 9 ਆਦੀਵਾਸੀ ਮਾਰੇ

ਨਾਰਾਇਣਪੁਰ: ਛੱਤੀਸਗੜ੍ਹ ਦੇ ਨਕਸਲ ਪ੍ਰਭਾਵਿਤ ਨਾਰਾਇਣਪੁਰ ਅਤੇ ਕਾਂਕੇਰ ਜ਼ਿਲ੍ਹੇ ਦੇ ਸਰਹੱਦੀ ਖੇਤਰਾਂ ‘ਚ ਫ਼ੋਰਸਾਂ ਨੇ ਮੁਕਾਬਲੇ ‘ਚ 3 ਮਹਿਲਾ ਨਕਸਲੀਆਂ ਸਮੇਤ 9 ਨਕਸਲੀਆਂ ਨੂੰ ਮਾਰ ਸੁੱਟਿਆ ਹੈ। ਪੁਲਸ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਜ਼ਿਲ੍ਹਿਆਂ ਦੇ ਟੇਕਮੇਟਾ ਅਤੇ ਕਾਕੂਰ ਪਿੰਡ ਦੇ ਮੱਧ ਜੰਗਲ ‘ਚ ਸੁਰੱਖਿਆ ਫ਼ੋਰਸਾਂ ਨੇ ਮੁਕਾਬਲੇ ‘ਚ 3 ਮਹਿਲਾ ਸਮੇਤ 9 ਨਕਸਲੀਆਂ ਨੂੰ ਮਾਰ ਸੁੱਟਿਆ ਹੈ।ਸ਼ਥਾਨਕ ਲੋਕਾਂ ਦਾ ਕਹਿਣਾ ਹੈ ਕਿ ਚੋਣਾਂ ਵਿੱਚ ਫਾਇਦਾ ਲੈਣ ਲਈ ਮੋਦੀ ਸਰਕਾਰ ਆਦੀ ਵਾਸੀਆਂ ਲੋਕਾਂ ਨੂੰ ਨਕਸਲੀ ਕਹਿ ਕੇ ਨੂੰ ਮਾਰ ਰਹੀ ਹੈ ਤਾਂ ਕਿ ਹਿੰਦੂਤਵੀਆਂ ਵਿੱਚ ਇਹ ਪ੍ਰਚਾਰ ਕੀਤਾ ਜਾ ਸਕੇ ਕਿ ਉਹ ਇੱਕ ਦ੍ਰਿੜ ਇਰਾਦੇ ਵਾਲੀ ਪਾਰਟੀ ਹੈ।

## ਐਸਟਰਾਜ਼ੇਨੇਕਾ ਦੀ ਕਰੋਨਾ ਵੈਕਸੀਨ ਨਾਲ ਦਿਲ ਦੇ ਦੌਰੇ ਦਾ ਖਤਰਾ

